ਟੈਪ ਦਾ ਛਾਪਾ

ਨਵਾਂ ਕਿੱਸਾ

ਹੀਰ ਕਿਸ਼ੋਰ ਚੰਦ

ਕ੍ਰਿਤ

ਕਵਿ ਪੰਡਿਤ ਕਿਸ਼ੋਰ ਚੰਦ
ਬਦੋਵਾਲੀਆ

ਜਿਸ ਨੂੰ

ਭਾਈ ਹਰਨਾਮ ਸਿੰਘ ਕਰਮ ਸਿੰਘ
ਕੁਤਬ ਫਰੋਸ਼ ਮੋਗਾ ਮੰਡੀ ਨੇ ਛਪਵਾਯਾ

ਜੂਨ ੧੯੧੪

ਤਾਦਾਦ ੨੦੦੦ ਮੁਲ ਚਾਰ ਆਨੇ

ਸਰਦਾਰ ਬੁਧ ਸਿੰਘ ਮੈਨੇਜਰ ਦੇ ਪ੍ਰਬੰਧ ਨਾਲ
ਸ੍ਰੀ ਗੁਰਮਤ ਪ੍ਰੇਸ ਅੰਮ੍ਰਿਤਸਰ ਵਿਚ ਛਪੀ।

ੴ ਸਤਿਗੁਰਪ੍ਰਸਾਦਿ ॥

ਦੋਹਰਾ ॥ ਸਿਮਰ ਸਿਮਰ ਭਗਵੰਤ ਨੂੰ ਦਾਸ ਰਚੇ
ਕੁਝ ਛੰਦ । ਸਾਰਸੁਤੀ ਦਿਹੁ ਗਿਆਨ ਮਮ ਦਾਸ ਬਹੁਤ
ਮਤਿ ਮੰਦ ॥ ੧ ॥ ਕਬਿੱਤ ॥ ਸੇਵਾ ਦੇਵ ਜੁ ਕਰਨ ਤਾਂਕੇ
ਅਘ ਤੇ ਹਰਨ ਦਾਸ ਆਗਿਆ ਸਰਨ ਹੈ ਚਰਨ ਗਹੇ
ਮਾਤ ਮੈਂ । ਤੇਰੇ ਤਾਰੇ ਜੋ ਤਰਨ ਦੁਖ ਮੂਲ ਨਾ ਭਰਨ ਢੁਕੇ
ਦਾਸ ਨੂੰ ਬਰਨ ਇਹ ਪਰਨ ਦਿਨ ਰਾਤਮੈ । ਤੇਰਾ ਧਿਆ
ਨ ਜੋ ਧਰਨ ਕਾਜ ਉਨਕੇ ਸਰਨ ਤੇਰੇ ਨਿੰਦਕ ਮਰਨ ਜਾਂ
ਕਿਰਮ ਚਲੇਂ ਗਾਤ ਮੈਂ । ਸੀਸ ਪਾਦ ਮੇਂ ਧਰਨ ਪਾਪ
ਤਾਹਿੰ ਕੇ ਟਰਨ ਔਰ ਗਰਨ/ ਗਰਨ ਹੋ ਬਰਨ ਬਰ
[illegible]ਾਤ ਮੇ ॥ ੨ ॥ ਕੋਰੜਾ ਛੰਦ ॥ ਪੈਹਲਾਂ ਮਾਤਾ ਤੇਰਾ ਮੈ
ਧਿਆਨ ਧਰਦਾ । ਲਾਖਵਾਰ ਬੰਦਨਾਂ ਗੁਰਾਂ ਨੂੰ ਕਰਦਾ ।
ਜਪਦਾ ਹਮੇਸ਼ ਮੈ ਤੁਹਾਡੇ ਨਾਮ ਨੂੰ । ਦੇਓ ਬੁਧ ਮਾਤਾ
ਆਪਣੇ ਗੁਲਾਮ ਨੂੰ । ਭਗਤਾਂ ਦੇ ਕੁਲ ਤੈਂ ਸਵਾਰੇ ਕਾਮ
ਜੀ । ਸੁੰਭ ਤੇ ਨਿਸੁੰਭ ਦਾ ਉਡਾਯਾ ਦਾਮ ਜੀ । ਬੈਠ ਕੇ
ਸਿਮਰਦਾ ਸੁਭਾ ਤੇ ਸ਼ਾਮ ਨੂੰ । ਦੇਓ ਬੁਧ ਮਾਤਾ ਆਪਣੇ
ਗੁਲਾਮ ਨੂੰ । ਜਿਵੇਂ ਮਾਤਾ ਕੁਲ ਤੈਂ ਭਗਤ ਤਾਰਤੇ ।
ਭਗਤਾਂ ਦੇ ਵੈਰੀ ਤੈਂ ਅਸੁਰ ਮਾਰਤੇ । ਮਾਲਾ ਫੜ ਰਟਦਾ
ਤੁਮਾਰੇ ਨਾਮ ਨੂੰ । ਦੇਓ ਬੁਧ ਮਾਤਾ ਆਪਣੇ ਗੁਲਾਮ ਨੂੰ ।
ਨਾਮ ਜਪ ਪਾਂਵਦਾ ਸਰੀਰ ਸੁਖ ਨੂੰ । ਆਨ ਕੇ ਨਿਵਾਰ

ਤਾਰ ਮੇਰੇ ਦੁਖ ਨੂੰ। ਕਿਸ਼ੋਰ ਚੰਦ ਕਵੀ ਕਰੇ ਪਰਣਾਮ ਨੂੰ। ਦੇਓ ਬੁਧ ਮਾਤਾ ਆਪਣੇ ਗੁਲਾਮਨੂੰ॥ ੩ ॥ ਦੋਹਰਾ ॥ ਸਾਰਦ ਕੋ ਸਿਰ ਨਾਇਕੇ ਕਿੱਸਾ ਕਰਾਂਬਿਆਨ। ਹੀਰ ਕੋਰੜੇ ਮੇਂ ਰਚੋ ਆਖਣ ਦੋਸਤ ਆਣ ॥ ੪ ॥ ਕਥਾ ਕਹੂੰ ਕਛ ਹੀਰ ਕੀ ਸੁਨੋ ਬੀਰ ਚਿਤ ਲਾਇ। ਜੈਸੀ ਮੋ ਪੈ ਬੁਧ ਹੈ ਤੈਸੀ ਦਿਓਂ ਦਿਖਾਇ॥ ੫॥ ਕੋਰੜਾ ਛੰਦ॥ ਤਖਤ ਹਜਾਰਾ ਸਾਰੇ ਮਸ਼ਹੂਰ ਜੀ। ਜਾਣਦੇ ਤਮਾਮਲੋਕ ਦੂਰ ਦੂਰ ਜੀ। ਪਿੰਡਵਿਚ ਮੌਜੂ ਚੌਧਰੀਸਦਾਮਦਾ। ਲਾਡ ਬੜਾ ਮੌਜੂ ਰਾਂਝੇ ਨੂੰ ਲਡਾਮਦਾ। ਹੋਰ ਸੱਤ ਪੁਤ ਇਸ ਤੇ ਬਗੈਰ ਜੋ। ਰਾਂਝੇ ਵਲ ਰਖਦੇ ਨਿਗਾਨੂੰ ਗੈਰ ਜੋ। ਮੌਜੂ ਕੁਟ ਚੂਰੀ ਰਾਂਝੇ ਨੂੰ ਖੁਵਾਮਦਾ। ਲਾਡ ਬੜਾ ਮੌਜੂ ਰਾਂਝੇ ਨੂੰ ਲਡਾਮਦਾ। ਮੌਜੂ ਦਿਨ ਪਾਕੇ ਪਾਗਿਆ ਵਫ਼ਾਤ ਜੋ। ਰਾਂਝਣੇਦੀ ਫੇਰ ਪੁਛਦੇ ਨਾ ਵਾਤਜੋ। ਖਾਂਦਾ ਪੀਂਦਾ ਭਾਈ ਦੇਖਿਆ ਨਾ ਜਾਮਦਾ। ਲਾਡ ਬੜਾ ਮੌਜੂ ਰਾਂਝੇ ਨੂੰ ਲਡਾਂ-ਮਦਾ। ਰਾਂਝੇ ਨਾਲ ਪਿਛੋਂ ਰਖਦੇ ਲੜਾਈ ਜੋ। ਜ਼ਾਲਮਾਂ ਦੇ ਚਿਤ ਮੈਂ ਨਹੀਂ ਸਮਾਈ ਜੋ। ਕਿਸ਼ੋਰ ਚੰਦਾ ਰਬ ਬਿਧ ਕੀ ਬਨਾਮਦਾ। ਲਾਡ ਬੜਾ ਮੌਜੂ ਰਾਂਝੇ ਨੂੰ ਲਡਾਮਦਾ॥ ਕੋਰੜਾ ਛੰਦ॥ ਪਿੰਡਦੇ ਬਾਹਰ ਆ ਫਕੀਰ ਉਤਰੇ। ਉਥੇ ਦਾ ਬਿਆਨ ਦਸਦਾ ਤੁਰਤ ਰੇ। ਓਨਾਂ ਪਾਸ ਬੈਠਾ ਸੀ ਰੰਝੇਟਾ ਜਾਇਕੇ। ਕਰਲੇ ਮੋਹਤ ਬੰਸਰੀ ਬਜਾਇਕੇ। ਕਾਨੜਾ ਕਦਾਰਾ ਭੈਰਵੀ ਨੂੰ ਗਾਮਦਾ। ਹੋਰ ਰਾਗ ਕਾ

ਗਨੀ ਵਿਚੋ ਸੂਨਾਮਦਾ। ਠੁਮਰੀ ਤਰਾਨੇ ਹੈਂ ਸੁਨਾਏ ਗਾਏਕੇ। ਕਰਲੇ ਮੋਹਤ ਬੰਸਰੀ ਬਜਾਏਕੇ। ਬੰਝਲੀ ਦੇ ਵਿਚ ਜਾਂ ਸੁਨਾਯਾ ਰਾਗ ਨੂੰ। ਸ਼ੇਰ ਦੇ ਸਮੇਤ ਵਸ ਕੀਤਾ ਨਾਗ ਨੂੰ। ਆਖਦਾ ਹੈ ਸ਼ੇਰ ਸਿਰਕੋ ਨਵਾਇਕੇ। ਕਰਲੇ ਮੋਹਤ ਬੰਸਰੀ ਬਜਾਇਕੇ। ਰੋਹੀਵਿਚ ਹੋਵੇ ਕੰਮ ਬਰਬਾਦ ਜੇ। ਓਸੇਵੇਲੇ ਮੈਨੂੰ ਕਰਲਈਂ ਯਾਦ ਜੇ। ਸਾਰੂੰ ਤੇਰੇਕੰਮ ਨੂੰ ਸ਼ਿਤਾਬ ਆਏਕੇ। ਕਰਲੇ ਮੋਹਤ ਬੰਸਰੀ ਬਜਾਏਕੇ। ਰਾਂਝੇ ਤਾਂਈ ਫੇਰ ਆਖਦੇ ਫਕੀਰ ਜੇ। ਮਦਤ ਰਹਿਨ ਤੇਰੇ ਪੰਜ ਪੀਰਜੇ। ਹੋਗਿਆ ਬਚਨ ਮਨੋਂ ਤਨੋਂ ਲਾਏਕੇ। ਕਰਲੇ ਮੋਹਤ ਬੰਸਰੀ ਬਜਾਏਕੇ। ਸਾਰੀ ਰਾਤ ਫਕਰਾਂ ਦੇ ਕੋਲਜਾਗਿਆ। ਦਿਨਚੜੇ ਰਾਂਝਨਾਂ ਘਰਾਂਨੂੰ ਆਗਿਆ। ਕਿਸ਼ੋਰਚੰਦ ਸਚ ਕਹੇ ਫਰਮਾਏਕੇ। ਕਰਲੇ ਮੋਹਤ ਬੰਸ-ਰੀ ਬਜਾਏਕੇ ॥ ਕੋਰੜਾ ਛੰਦ ॥ ਭਾਬੀ ਕੋਲੋਂ ਆਨ ਮੰਗਿਆਹੈ ਜਲਨੂੰ। ਆਖਦਾ ਸ਼ਤਾਬੀ ਨ ਲਗਾਓ ਪਲ ਨੂੰ। ਸੁਨਕੇ ਅਵਾਜ ਬੋਲਦੀ ਹੈ ਨਾਰ ਜੋ। ਕਿਥੇ ਰਿਹਾ ਰਾਤ ਮੁਖ ਤੇ ਉਚਾਰ ਜੇ। ਹੋਇਕੇ ਕਰੋਧ ਆਖਦੀ ਹੈ ਗੱਲ ਨੂੰ। ਜਿਥੇ ਕੱਟੀ ਰਾਤ ਓਥੇ ਪੀਲੈ ਜਲਨੂੰ। ਵੇਹਲਾ ਢੱਟਾ ਫਿਰੇਂ ਨ ਕਰੇਂ ਤੂੰ ਕਾਰ ਜੇ। ਕਿਥੇ ਰਿਹਾ ਰਾਤ ਮੁਖ ਤੇ ਉਚਾਰ ਜੇ। ਨਾਲੇ ਵੇਹਲਾ ਫਿਰੇਂ ਨਾਲੇ ਢੂੰਘੀਂ ਝਟੀਆਂ। ਪੰਜ ਚਾਰ ਰੋਜ ਤੂੰ ਉਹਾਵੇਂ ਰੋਟੀਆਂ। ਫੇਰ ਗਨੀ ਤੇਰੇਚੋਂ ਹਿੰਮਤ ਹਾਰ ਜੋ। ਕਿਥੇ ਰਿਹਾ ਰਾਤ ਮੁਖ ਤੇ

ਉਚਾਰ ਜੋ। ਪੰਜੇ ਸੱਤੇ ਭਾਬੀਆਂ ਮਗਰ ਪੈਗੀਆਂ। ਸੈ-
ਕਣਾ ਦੇ ਵਾਂਗਹੈਂ ਜਿਦਨ ਡੈਰੀਆਂ। ਕਿਸ਼ੋਰ ਛੰਦ ਕਵੀ
ਆਖਦਾ ਪੁਕਾਰ ਜੋ। ਕਿਥੇ ਰਿਹਾ ਰਾਤ ਮੁਖ ਤੇ ਉਚਾਰ
ਜੋ॥ ਦੁਭਾਗ ਛੰਦ ॥ ਮੋੜ ਕੇ ਜਵਾਬ ਰਾਂਝਾ ਕਰੇ
ਨਾਰ ਨੂੰ। ਮਾਰਕੇ ਮੁਕਾ ਦਿਆਂ ਮੈਂ ਬਦਕਾਰ ਨੂੰ। ਮਾਰੀ
ਜਾਣੀ ਮੇਰੇ ਖਿਚਕੇ ਕਟਾਰਨੀ। ਮਾਰ ਚਾਰ ਜੁਤ ਦੇਵਾਂ
ਮੈਂ ਸਮਾਰਨੀ। ਭਾਬੀ ਕੈਂਦੀ ਰਾਂਝਿਆ ਸਬਰ ਕਰ ਵੇ।
ਕਿਉਂ ਨਾ ਗਿਆ ਪਿਛਲੀ ਪਲੰਗ ਮਰਵੇ। ਫਿਰਦਾ ਹੈਂ
ਵੇਲਾ ਨਾ ਕਰੇਂ ਤੂੰ ਕਾਰਵੇ। ਕੇੜੀ ਗਲੋਂ ਜੁਤੀਆਂਨੂੰ
ਜਾਵੇਂਮਾਰਵੇ। ਦਸਦੀ ਹੈਂ ਰੋਟੀਆਂ ਲਗਾਮਾਂ ਜੁਤ ਨੀ।
ਆਪੇ ਦੇਊ ਅੰਨ ਜੋ ਬਨਾਵੇ ਬੁਤਨੀ। ਹਾਲ ਕੋਈ ਗਿਆ
ਨਾ ਸਰੀਰ ਹਾਰਨੀ। ਮਾਰੀ ਜਾਣੀ ਮੇਰੇ ਖਿਚਕੇ ਕਟਾਰ
ਨੀ। ਔਣ ਤੇਰੇ ਵੀਰ ਤਾਂ ਕਰਾਦੂੰ ਅੱਡ ਵੇ। ਹੂਰਿਆਂ ਦੇ
ਨਾਲ ਮੈਂ ਭਨਾ ਦੂੰ ਹੱਡਵੇ। ਤੈਨੂੰ ਬੇਸ਼ਹੂਰ ਨੂੰ ਜਰਾ ਨ ਸਾਰ
ਵੇ। ਕੇੜੀ ਗਲੋਂ ਜਾਵੇਂ ਜੁਤੀਆਂ ਨੂੰ ਮਾਰਵੇ। ਅੱਡ
ਕਰਵਾਕੇ ਨਾ ਬਨੇ ਤੂੰ ਰਬਨੀ। ਛਤੀ ਕਰਵਾ ਦੇ ਨ ਲਗਾਂ
ਈਂ ਝਬਨੀ। ਫੇਰ ਕੇੜਾ ਦੇਨਗੇ ਨਸੀਬ ਹਾਰਨੀ। ਮਾਰੀ
ਜਾਣੀ ਮੇਰੇ ਖਿਚਕੇ ਕਟਾਰਨੀ। ਵੇਲਾ ਢਟਾ ਰੋਜ ਤੂੰ
ਮਖੌਲ ਕਰਦਾ। ਕਿਸੇ ਕੋਲੋਂ ਰਾਂਝਿਆ ਰਤੀ ਨਾ ਡਰਦਾ।
ਸ਼ਾਮ ਨੂੰ ਪਕਾਦੂ ਰੋਟੀਆਂ ਨ ਨਾਰਵੇ। ਕੇੜੀ ਗਲੋਂ
ਜਾਵੇਂ ਜੁਤੀਆਂਨੂੰ ਮਾਰਵੇ। ਨਾਰੀਆਂਦੇ ਮਾਰਾਂ ਨ ਹਜਾਰ

ਜੁਤੀਆਂ। ਕਾਂਨੂੰਐਵੇਂ ਕਲਾਂ ਤੂੰ ਜਗਾਵੇਂ ਸੁਤੀਆਂ । ਕੇੜ੍ਹੀ ਗਲੋਂ ਭਾਬੀ ਮੈਨੂੰ ਦੇਵੇਂ ਖਾਰਨੀ। ਮਾਰੀ ਜਾਣੀ ਮੇਰੇ ਖਿਚਕੇ ਕਟਾਰਨੀ। ਭਾਬੀਆਂ ਨੇ ਰੋਣ ਤੇ ਲਗਾਯਾ ਜੋਰ ਨੂੰ। ਮਾਲਕਾਂ ਦੇ ਅਗੇਹੈਂ ਮਚੌਣ ਸ਼ੋਰ ਨੂੰ। ਕਿਸ਼ੋਰ ਹੁੰਦਾ ਹੁਣ ਗਲਾਂ ਨੂੰ ਵਿਸਾਰਵੇ। ਕੇਹੜੀ ਗਲੋਂ ਜਾਵੇਂ ਜੁਤੀਆਂ ਨੂੰ ਮਾਰਵੇ॥ ਕੋਰੜਾ ਛੰਦ॥ ਮਾਲਕਾਂ ਦੇ ਤਾਈਂ ਫਰ ਯਾਦਾਂ ਕਰੀਆਂ। ਰੋਣ ਜਾਰੋ ਜਾਰ ਜਾਂਦੀਆਂ ਨ ਜਰੀਆਂ। ਮਾਲਕਾਂ ਨੂੰ ਰੰਨਾਂ ਆਖਨ ਉਚਾਰ ਜੋ। ਰਾਂਝੇ ਨਾਲੋਂ ਅੱਡ ਕਰੋ ਘਰ ਬਾਰ ਜੋ। ਤੁਹਾਡੇ ਪਿਛੋਂ ਦੇਂਦਾ ਹੈ ਬਹੁਤ ਦੁਖ ਨੂੰ। ਕਿਸੇ ਵੇਲੇ ਰਾਂਝਾ ਨ ਗੁਜ਼ਾਰੇ ਸੁਖ ਨੂੰ। ਦਿਨੇ ਰਾਤ ਰਖੇ ਝਗੜੇ ਦੀ ਕਾਰ ਜੋ। ਰਾਂਝੇ ਨਾਲੋਂ ਅੱਡ ਕਰੋ ਘਰ ਬਾਰ ਜੋ। ਮੇਤ੍ਰੇ ਦੇਂਦਾ ਸਾਨੂੰ ਸੌਕਣਾ ਦੇ ਵਾਂਗ ਹੈ। ਬੋਲਕੇ ਉਚੇਰਾ ਚਕ ਲੇਂਦਾ ਡਾਂਗ ਹੈ। ਆਖਦਾ ਜਬਾਨੋਂ ਥੋਨੂੰ ਦੇਣਾਂ ਮਾਰ ਜੋ। ਰਾਂਝੇ ਨਾਲੋਂ ਅਡ ਕਰੋ ਘਰ ਬਾਰ ਜੋ। ਆਪ ਕਰੋ ਕਾਰਾਂ ਏਨੂੰ ਵੇਲ੍ਹਾ ਛਡਿਆ। ਖਾਣਪਿਛੇ ਇਸਨੇ ਬੁਥਾੜ ਅਡਿਆ। ਦਿਨੇ ਰਾਤ ਰੋਟੀਆਂ ਉਡਾਵੇ ਚਾਰ ਜੋ। ਰਾਂਝੇ ਨਾਲੋਂ ਅਡ ਕਰੋ ਘਰ ਬਾਰ ਜੋ। ਰੋਜ ਵੇਲਾ ਮਖਨ ਉਡਾਵੇ ਨਿਤ ਹੈ। ਰਖਦਾ ਲੜਾਈ ਅਠੋ ਪਹਿਰ ਚਿਤ ਹੈ। ਅਜ ਅਸੀਂ ਕਿਹਾ ਥੋਡੇ ਤਾਂਈ ਹਾਰ ਜੋ। ਰਾਂਝੇ ਨਾਲੋਂ ਅਡ ਕਰੋ ਘਰ ਬਾਰ ਜੋ। ਸੁਣਕੇ ਤੇ ਭਾਈਆਂ ਨੂੰ ਹਰਖ ਚੜ੍ਹਿਆ। ਜਾਣੀ ਨਾਗ ਕਾਲਜੇ ਦੂ

ਮੂੰਹਾਂ ਲੜਿਆ। ਕਿਸ਼ੋਰ ਚੰਦਾ ਹੋਰਵੀ ਕਰੀਂ ਪੁਕਾਰ ਜੇ। ਰਾਂਝੇ ਨਾਲੋਂ ਅੱਡ ਕਰੋ ਘਰ ਬਾਰ ਜੇ॥ ਦੋਹਰਾ॥ ਭਾਈ ਕੱਠੇ ਕਰ ਲਏ ਕੀਤਾ ਰਾਂਝਾ ਅੱਡ। ਹੈਂਦਾ ਰੋਜ ਕਲੇਸ ਸੀ ਦਿਤਾ ਵਾਹਾ ਵੱਢ॥ ਕੋਰੜਾ ਛੰਦ॥ ਸੌਣ ਦੇ ਮਹੀਨੇ ਹਲ ਜੋੜ ਚਲਿਆ। ਸਿਖਰ ਦੁਪੈਹਾ ਜਾਂਵਦਾ ਨਾ ਝਲਿਆ। ਲਗੀ ਹੈ ਪਿਆਸ ਜਾਂਮਦਾ ਨਾ ਹਲਿਆ। ਚਾਰ ਗੇੜੇ ਲਿਆਣ ਆਨ ਜੰਡਮਲਿਆ। ਕੰਮਨੂੰ ਨ ਹੱਥ ਕਦੇ ਲਾਯਾ ਜੰਮਜੀ। ਸਿਖਰ ਦੁਪੈਰੇ ਸੁਕ ਗਿਆ ਚੰਮ ਜੀ। ਸੁਤਾ ਹੇਠ ਜੰਡ ਚਾਦਰੇਨੂੰ ਤਾਨਕੇ। ਦਿਤਾ ਹਲ ਛੱਡ ਦੁਖਾਂ ਨੂੰ ਪਛਾਨਕੇ। ਬੈਲ ਦੋਨੋਂ ਤੁਰ ਘਰਨੂੰ ਸਿਧਾਗਏ। ਹੌਲੀ ਹੌਲੀ ਤੁਰ ਜੋ ਬੂਹੇ ਤੇ ਆਗਏ। ਬਲਦਾਂਦੀ ਜੋੜੀ ਆਈ ਬੂਹੇ ਬਾਰਜੇ। ਭਾਈਭਰਜਾਈ ਕਰਦੇ ਵਿਚਾਰਜੇ। ਖਾਲੀ ਹਟਨਾੜੀ ਹੈ ਘਰਾਂ ਨੂੰ ਆਗਈ। ਰਾਂਝਨੇ ਨੂੰ ਦਸੋ ਕੀ ਚੁੜੇਲ ਖਾਗਈ। ਉਠ ਦੌੜੇ ਵੀਰ ਲੱਕ ਬੰਨ ਚੀਰ ਨੂੰ। ਕਿਸ਼ੋਰ ਚੰਦਾ ਘਰ ਕੋ ਲਿਆਓ ਵੀਰ ਨੂੰ॥ ਦੋਹਰਾ॥ ਵੀਰ ਜੋ ਕਠੇ ਹੋਇਕੇ ਗਏ ਰਾਂਝੇ ਦੇ ਪਾਸ। ਜੰਡ ਹੇਠ ਜਾ ਦੇਖਦੇ ਬੈਠਾ ਭੌਰ ਉਦਾਸ॥ ਕੋਰੜਾ ਛੰਦ॥ ਪੁਛਦੇਨ ਵੀਰ ਕਿਉਂ ਹੋਯਾ ਉਦਾਸ ਜੇ। ਦਸ ਦੇਈਂ ਸਾਨੂੰ ਵੀਰਨਾ ਬਲਾਸ ਜੇ। ਦੇਂਦੇਨੇ ਦਲਾਸਾ ਸਾਰੇ ਭਾਈ ਵੀਰ ਨੂੰ। ਹੌਲੀ ਹੌਲੀ ਰਾਂਝ ਦੀ ਬੰਨੌਣ ਧੀਰਨੂੰ। ਵੇਲਾ ਨਿਤ ਫਿਰੀਂ ਨ ਕਰੀਂ ਤੂੰ ਕਾਰਜੇ। ਮਿੰਨਤਾਂ ਕਰਨ ਸਾਰੇ ਬਾਰੇ

ਬਾਰ ਜੋ। ਕਠੀ ਕਰ ਸਭ ਆਪਣੀ ਜਗੀਰ ਨੂੰ। ਹੌਲੀ ਹੌਲੀ ਰਾਂਝੇ ਦੀ ਬਨੌਣ ਧੀਰ ਨੂੰ। ਅੜਹੇ ਜੇ ਦੁਖ ਕਰਲੈ ਤੂੰ ਕੱਠ ਓਏ। ਮੂਰਖਾਂਦੇ ਵਾਂਗ ਚਲਿਆ ਕਿਉਂ ਨੱਠਓਏ। ਦਸ ਕੇੜ੍ਹਾ ਦੁਖ ਹੈ ਤੇਰੇ ਸਰੀਰ ਨੂੰ। ਹੌਲੀ ਹੌਲੀ ਰਾਂਝੇ ਦੀ ਬਨੌਣ ਧੀਰਨੂੰ। ਮਿੰਨਤਾਂ ਕਰਨਹੈਂ ਲਗਾਕੇ ਜੋਰਨੂੰ। ਹੱਥੋਂ ਸਿਟ ਸੋਟਿਆਂ ਗੁਸੇ ਦੀ ਡੋਰ ਨੂੰ। ਕਿਸ਼ੋਰ ਚੰਦਾ ਖਿਚਨ ਬਤੇਰਾ ਚੀਰ ਨੂੰ। ਹੌਲੀ ਹੌਲੀ ਰਾਂਝੇ ਦੀ ਬਨੌਣ ਧੀਰ ਨੂੰ॥ ਕੋਰੜਾ ਛੰਦ॥ ਰਾਂਝਾ ਫੇਰ ਮੋੜਕੇ ਜਵਾਬ ਕਰਦਾ। ਛਡਦਿਤਾ ਅਸਾਂਨੇ ਜੰਜਾਲ ਘਰਦਾ। ਭਾਬੀਆਂ ਦਾ ਘਰ ਦਿਸੇ ਪਲਾਅੱੜਿਆ। ਤਾਂਹੋ ਤੁਸੀਂ ਮਸਾਂ ਮੇਠਾ ਫਾਹਾ ਬਢਿਆ। ਕਢ ਦਿਤਾ ਤੁਸਾਂ ਘਰਚੋਂ ਨਮਾਣੇ ਨੂੰ। ਮੇਟ ਕੌਣ ਦੇਵੇ ਮਾਲਕ ਦੇ ਭਾਣੇ ਨੂੰ। ਮੇਰੇ ਤਾਈਂ ਜੋਰ ਨ ਤੁਸਾਂ ਨੇ ਲਾਵਨਾ। ਅਸੀਂ ਦੇਸ ਛਡਕੇ ਜਰੂਰਜਾਵਨਾ। ਜੇਹੜੇ ਦੁਖਹੋਣ ਝੱਲਾਂ ਸਿਰਨਾਲਓਏ। ਛਡਦਿਤਾ ਕੁਲ ਅਸਾਂਨੇ ਜੰਜਾਲਓਏ। ਮੋੜਿਆ ਬਤੇਰਾ ਨ ਮੁੜੇ ਪਿਛਾਹਾਂ ਨੂੰ। ਮਲੋ ਮਲੀ ਫੇਰ ਚਲਦਾ ਅਗਾਹਾਂ ਨੂੰ। ਕਿਸ਼ੋਰਚੰਦਾ ਮੋੜਿਆ ਲਗਾ ਕੇ ਜੋਰ ਨੂੰ। ਮਲੋ ਮਲੀ ਹਥਾਂ ਚੋਂ ਛੁਡਾ ਗਿਆ ਡੋਰ ਨੂੰ॥ ਕੋਰੜਾ ਛੰਦ॥ ਮੁੜ ਆਏ ਵੀਰ ਸਾਰੇ ਹੰਬ ਹਾਰਕੇ। ਰਾਂਝਾ ਗਿਆ ਤੁਰ ਸੁਖਾਂ ਨੂੰ ਵਸਾਰ ਕੇ। ਇਕ ਜੋ ਰੰਝੇਟੇ ਨੂੰ ਨਗਰ ਆਂਮਦਾ। ਨਾਲੇ ਮਨ ਵਿਚ ਰਬ ਨੂੰ ਧਿਆਮਦਾ। ਕਟ ਲਮਾਂ ਰਾਤ ਮੈਂ ਮਸੀਤ

ਬਿਚ ਜੀ। ਨਾਲੇ ਬਾਣ ਨਾਲ ਮੈਂ ਹੋਯਾ ਜੋ ਜਿਰਜੀ। ਜਾ-
ਇਕੇ ਸਲਾਮ ਕਾਜੀ ਨੂੰ ਬੁਲਾਮਦਾ। ਨਾਲੇ ਮਨ ਬਿਚ
ਰਬ ਨੂੰ ਧਿਆਮਦਾ। ਦੇਖ ਮੀਆਂ ਸੀਤ ਨਾਲ ਦੰਦਬਜਦੇ।
ਰਾਹੀ ਦਾ ਭੀ ਪੁੰਨ ਹੈ ਸਮਾਨ ਹਜਦੇ। ਰਾਤ ਲੈਣੀ ਕੱਟ
ਵਾਸਤੇ ਮੈਂ ਪਾਮਦਾ। ਨਾਲੇ ਮਨਬਿਚ ਰਬਨੂੰ ਧਿਆਮਦਾ।
ਇਕ ਤੇਰੇ ਪਾਸ ਮੁਲਾਂ ਰਾਤ ਕਟਣੀ। ਹੋਰ ਅਸਾਂ ਤੇਰੀ
ਨ ਮਸੀਤ ਚਕਣੀ। ਕਿਸ਼ੋਰ ਚੰਦ ਬੋਲ ਮੰਨ ਲੈ ਗੁਲਾਮ
ਦਾ। ਨਾਲੇ ਮਨ ਬਿਚ ਰਬਨੂੰ ਧਿਆਮਦਾ॥ ਕੋਰੜਾਛੰਦ॥
ਆਖਦਾ ਹੈ ਕਾਜੀ ਪਾਜੀ ਅਗੋਂ ਅੱਕਕੇ। ਆਗਿਆ ਤੂੰ
ਇਥੇ ਕੀ ਸਰਾਂ ਨੂੰ ਤੱਕਕੇ। ਤਕੀਆ ਨਗਰ ਬਿਚ ਜਾਕੇ
ਟੋਲ ਤੂੰ। ਦੁਖਦਾ ਹੈ ਸਿਰ ਨ ਉਚੇਰਾ ਬੋਲ ਤੂੰ। ਫੇਰ
ਕਹੇ ਰਾਂਝਾ ਮੀਆਂ ਸੁਨ ਬਾਤ ਨੂੰ। ਆਜਜਾਂ ਨੇ ਇਕ ਕੱਟ
ਜਾਨਾ ਰਾਤ ਨੂੰ। ਜਾਨਕੇ ਤੇ ਆਯਾ ਰਬ ਦੇ ਮਕਾਨ ਨੂੰ।
ਹੋਰ ਤੈਥੋਂ ਮੰਗਦਾ ਨਾ ਪੀਨਖਾਨਨੂੰ। ਕਾਜੀ ਕਹੇ ਕਾਫਰਾ
ਸਮਝ ਕਰ ਓਇ। ਨਿਕਲ ਮਸੀਤ ਚੋਂ ਪਰੇ ਤੂੰ ਮਰ
ਓਇ। ਸਾਰੀ ਰਾਤ ਲੜੇ ਨਹੀਂ ਕੋਈ ਹਾਰਿਆ। ਦਿਨ
ਚੜੇ ਰਾਂਝਾ ਅਗੇਨੂੰਸਿਧਾਰਿਆ।ਹੌਲੀ ਹੌਲੀ ਰਾਂਝਾਹੈ ਝਨਾਂ
ਤੇ ਆਮਦਾ। ਪਹਿਲਾਂ ਜਾ ਸਲਾਮ ਅਲੈਕਮ ਬੁਲਾਮਦਾ।
ਆਖਦਾ ਮਲਾ ਨੂੰ ਆਜਜ਼ੀ ਦੇ ਨਾਲ ਜੀ। ਇਕ ਮੇਰਾ
ਮੀਆਂ ਮੰਨਲੌ ਸੁਵਾਲਜੀ। ਕਿਸ਼ੋਰ ਚੰਦ ਆਜਜ਼ ਕਰੇ
ਪੁਕਾਰਜੀ। ਪੈਸਾ ਨਹੀਂ ਪਲੇਹੈ ਲੰਘਾ ਦਿਓ ਪਾਰਜੀ।

ਮੁਕੰਦ ਛੰਦ॥ ਬਿਨਾਂ ਮਜਦੂਰੀ ਲੰਘ ਜਾਵੇਂ ਪਾਰ ਜੀ। ਦਿਸਦਾ ਅਮੀਰ ਕਪੜਾ ਉਤਾਰਜੀ। ਕਪੜਾ ਉਤਾਰ ਕੇ ਨਵਾਰ ਤਾਪ ਨੂੰ। ਪੈਸੇ ਬਿਨਾਂ ਦੱਯੋ ਨਾ ਚੜਨ ਬਾਪ ਨੂੰ। ਬਿਨਾਂ ਪੈਸੇ ਪੁਤ ਨਾ ਪਿਤਾ ਨੂੰ ਸਿਆਨਦੇ। ਪੈਸੇ ਬਿਨਾਂ ਭਾਈ ਨ ਸੱਕੇ ਨੂੰ ਜਾਂਣਦੇ। ਪੈਸੇ ਬਿਨਾਂ ਕੋਈ ਨ ਚੜਾਵੇ ਆਪ ਨੂੰ। ਬਿਨਾਂ ਪੈਸੇ ਦੱਯੋ ਨਾ ਚੜਨ ਬਾਪ ਨੂੰ। ਪੈਸੇ ਨੂੰ ਸਮਝ ਮੀਆਂ ਗੁਰ ਪੀਰ ਜੀ। ਪੈਸੇਦੀ ਬਦਲ ਤੂੰ ਉਤਾਰ ਚੀਰ ਜੀ। ਪੈਸੇ ਦਾ ਜਹਾਨ ਸਾਰਾ ਕਰੇ ਜਾਪਨੂੰ। ਬਿਨਾਂ ਪੈਸੇ ਦੱਯ ਨਾ ਚੜਨ ਬਾਪ ਨੂੰ। ਬੋਲਦਾ ਟੰਝੇਟੇ ਨੂੰ ਲੁਡਨ ਅਕਕੇ। ਨਾਲੇ ਦੂਰ ਕੀਤਾ ਬੇੜੀ ਕੋਲੋਂ ਧਕਕੇ। ਕਿਸ਼ੋਰ ਚੰਦਾ ਲੁਡਨ ਕਮਾਯਾ ਪਾਪ ਨੂੰ। ਬਿਨਾਂ ਪੈਸੇ ਦੱਯੋ ਨਾ ਚੜਨ ਬਾਪ ਨੂੰ॥ ਕੋਰੜਾ ਛੰਦ॥ ਤੋਰ ਦਿਤਾ ਬੇੜਾ ਭਰਕੇ ਤੇ ਪੂਰ ਹੈ। ਰਾਂਝੇ ਨੂੰ ਬਿਠਾਯਾ ਬੇੜੇ ਕੋਲੋਂ ਦੂਰ ਹੈ। ਮਨ ਬਿਚ ਰਾਂਝਾ ਪੀਰਾਂ ਨੂੰ ਚਿਤਾਰਦਾ। ਮੰਨਲੋ ਸੁਵਾਲ ਅਜ ਗੁਨਾਗਾਰ ਦਾ। ਰਬ ਨੇ ਭੀ ਸੁਣਿਆਂ ਰਾਂਝੇ ਦੇ ਬੋਲ ਨੂੰ। ਭੇਜ ਦਿਤੇ ਪੀਰ ਰਾਂਝਨੇਦੇ ਕੋਲਨੂੰ। ਔਂਦਿਆਂਨੂੰ ਰਾਂਝਣਾ ਖੜਾ ਪੁਕਾਰਦਾ। ਮੰਨਲੋਸੁਵਾਲਅਜਗੁਨਾਗਾਰਦਾ। ਤੋਤਿਆਂ ਦਾ ਰੂਪ ਸੀ ਪੀਰਾਂ ਨੇ ਧਾਰਿਆ। ਆਨਕੇ ਤੇ ਪੀਰਾਂ ਰਾਂਝੇ ਨੂੰ ਉਚਾਰਿਆ। ਕਿਉਂ ਨੀ ਸੋਚ ਬਚਾ ਤੂੰ ਮਨੋਂ ਵਿਸਾਰਦਾ। ਮੰਨ ਲੋ ਸੁਵਾਲ ਅਜ ਗੁਨਾਗਾਰ ਦਾ। ਆਖਦਾ ਹੈ ਰਾਂਝਾ ਪੀਰਾਂ ਨੂੰ ਪੁਕਾਰਕੇ। ਭੇਨਤਾ ਸਰੀਰ

ਮੇਰਾ ਮਾਰ ਮਾਰਕੇ। ਕਿਸ਼ੋਰਚੰਦਰਾਂਝਾ ਖੜਾਹੈ ਉਚਾਰਦਾ॥ ਮੰਨ ਲੌ ਸੁਵਾਲ ਅਜ ਗੁਨਾਗਾਰ ਦਾ॥ ਮੁਕੰਦ ਛੰਦ॥ ਸੁਣਕੇ ਤੇ ਪੀਰ ਹੈਂ ਅਲੋਪ ਹੋ ਗਏ। ਪੰਜ ਪੀਰ ਆਨ ਬੇੜੇ ਤੇ ਖਲੋ ਗਏ। ਦਿਤਾ ਜਾਂ ਹੁਲਾਰਾ ਹੋਈ ਹਾਹਾਕਾਰ ਜੋ। ਅੱਲਾ ਅੱਲਾ ਲੁਡਨ ਰਿਹਾ ਪੁਕਾਰ ਜੋ। ਧਕ ਧਕ ਬੇੜਾ ਜੋ ਕਰੇ ਅਗਾਹਾਂ ਨੂੰ। ਸਗੋਂ ਮੁੜ ਬੇੜਾ ਆਂਮਦਾ ਪਿਛਾਹਾਂਨੂੰ। ਉਸਵੇਲੇ ਰਿਹਾ ਰਬਨੂੰ ਚਿਤਾਰਜੀ। ਅੱਲਾ ਅੱਲਾਲੁਡਨ ਰਿਹਾ ਪੁਕਾਰਜੀ। ਹੋਵੇ ਪ੍ਰਤੀਤ ਜਾਣੀ ਡੁਬ ਚਲਿਆ। ਦੁਖ ਉਸ ਵੇਲਦਾ ਨਾ ਜਾਵੇ ਝੱਲਿਆ। ਰੋਂਦੇ ਲੋਕ ਸਾਰੇ ਧਾਹਾਂ ਮਾਰ ਮਾਰਜੀ। ਅਲਾ ਅਲਾ ਲੁਡਨ ਰਿਹਾ ਪੁਕਾਰ ਜੀ: ਮਨ ਵਿਚ ਲੁਡਨ ਖੜਾ ਹੈ ਸੋਚਦਾ। ਭੁਲਿਆ ਬਤਾਰੂ ਜਿਉ ਫਿਰੇ ਬਲੋਰਦਾ। ਸੋਚ ਸੋਚ ਮਨ ਮੇਂ ਕਰੇ ਵਿਚਾਰ ਜੀ। ਅਲਾ ਅਲਾ ਲੁਡਨਰਿਹਾ ਪੁਕਾ ਰ ਜੀ। ਰਾਹੀ ਨ ਚੜਾਯਾ ਮਾਰ ਗਿਆ ਪਾਪ ਜੋ। ਓਹੀ ਪੀਰ ਸਚਾ ਕਰੇ ਗਰਾਗਾਪਜੋ। ਮੋੜਲਿਆ ਬੇੜਾ ਲੁਡਨ ਨੇ ਹਾਰ ਜੀ। ਅਲਾ ਅਲਾ ਲੁਡਨ ਰਿਹਾ ਪੁਕਾਰ ਜੀ। ਬੇੜੇਨੂੰ ਲਿਆ ਕੇ ਕੀਲੇ ਨਾਲ ਬੰਨਿਆ। ਫੇਰ ਸਚਾਪੀਰ ਰਾਂਝਣੇਨੂੰਮੰਨਿਆ। ਏਹਤਾਂਠੀਕ ਔਲੀਆ ਕਰਣਹਾਰਜੀ। ਅਲਾ ਅਲਾ ਲੁਡਨ ਰਿਹਾ ਪੁਕਾਰਜੀ। ਰਾਂਝਣਦੇਪਾਸਹੈ ਲੁਡਨਆਂਮਦਾ।ਮੁਖਵਿਚਘਾਸ ਗਲਪਲਾਪਾਮਦਾ।ਕਿਸ਼ੋਰ ਚੰਦਾਫੇਰ ਆਨਬੋਲੀ ਨਾਰਜੀ।ਅਲਾ ਅਲਾ ਲੁਡਨਰਿਹਾ

ਪੁਕਾਰਜੀ ॥ ਮੁਕੰਦ ਛੰਦ ॥ ਭੁਲਕੇ ਅਸਾਂਨੇ ਛੱੜ ਲਿਆ ਤੁਝ ਕੋ। ਵਾਸਤੇ ਖੁਦਾਇਦੇ ਬਖਸ਼ ਮੁਝਕੋ। ਅਸੀਂ ਪੀਰ ਆਗੇ ਹਾਂ ਤੁਮਾਰੀ ਸ਼ਰਨਾ। ਵਾਸਤੇ ਖੁਦਾ ਦੇ ਬੇੜਾ ਪਾਰ ਕਰਨਾ। ਥੋਡੀਹੀ ਸ਼ਰਨ ਅਸੀਂ ਲਗੇ ਆਣਕੇ। ਬੇੜਾ ਕਰੋ ਪਾਰ ਜੀ ਗਰੀਬ ਜਾਨ ਕੇ। ਸਾਡਾ ਕੀਤਾ ਸਾਨੂੰ ਹੀ ਜੋ ਪਿਆ ਭਰਨਾ। ਵਾਸਤੇ ਖੁਦਾ ਦੇ ਬੇੜਾ ਪਾਰ ਕਰਨਾ। ਰਾਂਝੇ ਅਗੇ ਮਿੰਨਤਾਂ ਕਰਨ ਸਬਜੀ। ਸਾਡੇ ਉਤੇ ਕਰੋ ਖਾਂ ਮੇਹਰ ਝਬ ਜੀ। ਬਾਲਕਾਂ ਨੂੰ ਪੀਰ ਜੀ ਧਿਆਨ ਧਰਨਾ। ਵਾਸਤੇ ਖੁਦਾਦੇ ਬੇੜਾ ਪਾਰ ਕਰਨਾ। ਜਿਤਨੇ ਮੁਸਾਫਰ ਪੈਰਾਂ ਤੇ ਪੈਗਏ। ਰਾਂਝੇ ਦੀਆਂ ਮਿੰਨਤਾਂ ਕਰਨ ਡੈਗਏ। ਕਿਸ਼ੋਰ ਚੰਦਾ ਆਸਰੇ ਤੁਹਾਡੇ ਤਰਨਾ। ਵਾਸਤੇ ਖੁਦਾ ਦੇ ਬੇੜਾ ਪਾਰ ਕਰਨਾ ॥ ਮੁਕੰਦ ਛੰਦ ॥ ਬੇੜੇ ਉਤੇ ਰਾਂਝੇ ਨੂੰ ਚੜ੍ਹਾਯਾ ਹਾਰਕੇ। ਪੀਰ ਗਏ ਬੇੜਤੋਂ ਉਡਾਰੀ ਮਾਰਕੇ। ਰਾਂਝਣੇਦੇ ਹੇਠ ਕਪੜਾ ਬਿਛਾਂਮਦਾ। ਖੁਸ਼ੀਆਂ ਚਿ ਲੁਡਨ ਨਹੀਂ ਸਮਾਂਵਦਾ। ਤੋਰ ਦਿਤਾ ਬੇੜਾ ਰਬਨੂੰ ਧਿਆਇਕੇ। ਤੜਗੀ ਝਨਾਂ ਇਕੋ ਬਾਰ ਆਇਕੇ। ਪਾਣੀ ਮਾਰੇ ਠਾਠਾਂ ਨਾ ਸ਼ੁਮਾਰ ਆਂਵਦਾ। ਖੁਸ਼ੀਆਂਚਿ ਲੁਡਨ ਨਹੀਂ ਸਮਾਂਵਦਾ। ਬੰਝਲੀ ਬਜਾਵੇ ਜੋ ਬੇੜਦੇ ਵਿਚਜੀ। ਸਭਨਾਂਦਾ ਮੋਹਿਆ ਰਾਂਝੇ ਨੇ ਚਿਤਜੀ। ਬੰਸਰੀਦੇ ਵਿਚ ਮੇਘਲਾ ਬਜਾਮਦਾ। ਖੁਸ਼ੀਆਂਚਿ ਲੁਡਨ ਨਹੀਂ ਸਮਾਂਵਦਾ। ਬੰਸਰੀ ਮੇਂ ਆਨ ਮੇਘਲਾ ਜਾਂ ਬਜਿਆ। ਉਸੇ ਵੇਲੇ ਆਨ ਬਦਲ ਭੀ

ਗਜਿਆ। ਨਾਲੇ ਬੇੜਾ ਗਰਨ ਗਰਨ ਜਾਮਦਾ। ਖੁਸ਼ੀ-
ਆਂ ਚਿ ਲੁਡਨ ਨਹੀਂ ਸਮਾਮਦਾ। ਬੰਸਰੀ ਦੀ ਜਾਵੇ
ਜਿਉਂ ਅਵਾਜ ਜੋਰ ਦੀ। ਬਦਲਾਂ ਮੈਂ ਫਿਰੇ ਬਿਜਲੀ ਬੀ
ਘੋਰਦੀ। ਵਗਦੀ ਨਦੀਮੈਂ ਹੈ ਅਨੰਦ ਆਮਦਾ। ਖੁਸ਼ੀਆਂ
ਚਿਲੁਡਨਨਹੀਂਸਮਾਵਦਾ।ਬਾਰਸ਼ਨੇਆਨਕੇਤੇਜੋਰਪਾਲਿਆ।
ਲੁਡਨ ਨੇ ਬੇੜਾ ਭੀ ਕੰਢੇ ਤੇ ਲਾਲਿਆ। ਬੇੜੇ ਉਤੋਂ
ਉਤਰ ਕਿਸ਼ੋਰ ਨ੍ਹਾਮਦਾ। ਖੁਸ਼ੀਆਂ ਚਿ ਲੁਡਨ ਨਹੀਂ ਸਮਾਂ
ਵਦਾ॥ ਮੁਕੰਦ ਛੰਦ॥ ਨਦੀ ਵਿਚ ਨ੍ਹਾਕੇ ਸੀ ਪੁਸ਼ਾਕ
ਪਾਮਦਾ। ਰੋਟੀ ਖਾਣੇਵਾਸਤੇ ਲੁਡਨ ਲਿਆਮਦਾ। ਰੋਟੀ
ਖਾਕੇ ਰਾਂਝਾ ਹੋਗਜਾ ਅਨੰਦਜੋ। ਵਿਚੋਂ ਜਦਦੇਖੇ ਬੰਗਲਾ
ਬਲੰਦ ਜੋ ਰੋਟੀ ਖਾਕੇ ਬੰਗਲੇ ਦੇ ਵਿਚ ਆਗਿਆ।
ਰੰਗਲਾ ਪਲੰਗ ਜਾਨਤਾਂਈ ਧਾਗਿਆ। ਦੇਖਕੇ ਪਲੰਘ
ਜੁੜ ਗਏ ਦੰਦ ਜੋ। ਵਿਚੋਂ ਜਦ ਦੇਖ ਬੰਗਲਾ ਬਲੰਦ ਜੋ।
ਸੋਚ ਸੋਚ ਸਭ ਮਨ ਮੇਂ ਬਿਚਾਰੀਆਂ। ਫੇਰ ਚਾਰ ਹਾਕਾਂ
ਲੁਡਣ ਨੂੰ ਮਾਰੀਆਂ। ਉਸੇ ਵੇਲੇ ਆਸ਼ਕੀ ਦਾ ਪੈਗਿਆ
ਤੰਦ ਜੋ। ਵਿਚੋਂ ਜਦ ਦੇਖ ਬੰਗਲਾ ਬਲੰਦ ਜੋ। ਇਤਨੇ
ਨੂੰ ਉਥੇ ਲੁਡਨ ਭੀ ਆਮਦਾ। ਹਥ ਜੋੜ ਪੈਰੀਂ ਸੀਸ ਕੋ
ਨਵਾਮਦਾ। ਰਾਂਝਣੇ ਨੂੰ ਆਖਦਾ ਕਿਸ਼ੋਰ ਚੰਦ ਜੋ। ਵਿਚੋਂ
ਜਦ ਦੇਖ ਬੰਗਲਾ ਬਲੰਦ ਜੋ॥ ਮੁਕੰਦ ਛੰਦ॥ ਸਚ ਦਸ
ਲੁਡਨਾ ਏ ਕੀਦੀ ਸੇਜ ਓਏ। ਝਾੜ ਤੇ ਫਨੂਸ ਸਜ
ਰਹੇ ਸੇਜ ਓਏ। ਚਾਦਰਾਂ ਵਿਛਾਈਆਂ ਸੇਜ ਤੇ ਸਮਾਰ

ਕੇ। ਦੱਸਦੇ ਜਲੂਸ ਕੇੜੀ ਸਰਕਾਰ ਕੇ। ਹੋਵੇ ਬਾਦਸ਼ਾਹ ਦਾ ਤਖਤ ਮਾਤ ਜੀ। ਉਠ ਗਿਆ ਜਹਾਨੋਂ ਜੀਨੇ ਪਾਈ ਝਾਤ ਜੀ। ਸੁਧ ਬੁਧ ਮੈਂ ਤਾਂ ਭਜਿਆ ਬਸਾਰਕੇ। ਦਸਦੇ ਜਲੂਸ ਕੇੜੀ ਸਰਕਾਰ ਕੇ। ਦਬਾਦਬ ਆਮਦੇ ਫਿਰਾਏ ਪੌਣਦੇ। ਵਾਸਤੇਖੁਦਾਦੇ ਇਕ ਘੜੀਸੌਣਦੇ। ਬੈਠਾਮੀਆਂ ਲੁਡਨਾ ਕਿਉਂ ਮੋਨ ਧਾਰਕੇ। ਦਸਦੇ ਜਲੂਸ ਕੇੜੀ ਸਰ ਕਾਰ ਕੇ। ਸਾਰਿਓਂ ਅਤਰ ਦੀ ਲਪਟ ਆਮਦੀ। ਏ ਤਾਂ ਛੁਰੀ ਦਿਸਦੀਐ ਕਤਲਾਮਦੀ। ਸਾਰੀ ਬਾਤ ਲੁਡਨਾ ਕਹੀਂ ਉਚਾਰਕੇ। ਦਸਦੇ ਜਲੂਸ ਕੇੜੀ ਸਰਕਾਰ ਕੇ। ਲੁਡਨ ਉਚਾਰੇ ਖੜਾ ਵਾਂਗ ਕੀਰ ਦੇ। ਝਾੜ ਤੇ ਫਨੂਸ ਇਹ ਤਮਾਮ ਹੀਰ ਦੇ। ਮਰ ਗਏ ਅਮੀਰ ਜਾਨ ਵਾਰ ਵਾਰ ਕੇ। ਦਸਦੇ ਜਲੂਸ ਕੇਹੜੀ ਸਰਕਾਰ ਕੇ। ਲੰਬੀ ਹੈ ਜਾਂ ਮਧਰੀ ਜਾਂ ਗੋਰੀ ਦਸਦੇ। ਮੇਰੇ ਦੋਵੇਂ ਨੈਨ ਹੀਰ ਨੂੰ ਤਰਸਦੇ। ਕਿਸ਼ੋਰ ਚੰਦ ਕਵੀ ਆਖਦਾ ਪੁਕਾਰਕੇ। ਦਸਦੇ ਜਲੂਸ ਕੇੜੀ ਸਰਕਾਰ ਕੇ ॥ਕੋਰੜਾ ਛੰਦ॥ ਚੂਚਕੇ ਦੀ ਬੇਟੀ ਜੇ ਪਿਆਰੀ ਹੀਰ ਹੈ। ਸੁੰਦਰ ਸਰੂਪ ਪਤਲਾ ਸਰੀਰ ਹੈ। ਆਪ ਇਸ ਬਾਤ ਮੇਂ ਕਰੋ ਖਿਆਲ ਜੀ। ਹੀਰ ਨਢੜੀ ਦਾ ਏਹ ਤਮਾਮ ਮਾਲ ਜੀ। ਆਮਦੀ ਹੈ ਹੀਰ ਜਾਂ ਝਨਾਂ ਨੂੰ ਗਜਕੇ। ਆਸ਼ਕਾਂ ਦੀ ਰਤ ਚੂਸਲੈਂਦੀ ਰੱਜਕੇ। ਚਲਦੀ ਹਮੇਸ਼ਾਂ ਹੈ ਕਦਮ ਚਾਲ ਜੀ। ਹੀਰ ਨਢੜੀ ਦਾ ਇਹ ਤਮਾਮ ਮਾਲ ਜੀ। ਦੇਖਕੇ ਸ਼ਕਲ

ਅਕਲਾਂ ਨੇ ਭੁਲੀਆਂ। ਪਟ ਦੇਨ ਲਾਲ ਲਾਲ ਲਾਲ ਬੁੱਲੀਆਂ। ਆਸ਼ਕਾਂ ਦੀ ਰੱਤ ਨੂੰ ਰਹੀ ਹੈ ਭਾਲ ਜੀ। ਹੀਰ ਨਢੜੀ ਦਾ ਏਹ ਤਮਾਮ ਮਾਲ ਜੀ। ਸੌਣ ਵਾਲਾ ਤੁਸਾਂ ਨ ਖਿਆਲ ਰਖਨਾ। ਹੀਰ ਪਾਸੋਂ ਮੇਹੀ ਨਾ ਪਟੋ-ਟੀ ਜਖਣਾ। ਮਾਰ ਮਾਰ ਮੈਨੂੰ ਤਾਂ ਬਨਾ ਦੂ ਲਾਲ ਜੀ। ਹੀਰ ਨਢੜੀ ਦਾ ਏਹ ਤਮਾਮ ਮਾਲ ਜੀ। ਲੰਘ ਜਾਵੇ ਜਿਥੋਂ ਦੀ ਗੁਲਾਬੀ ਫੁਲ ਜੀ। ਭੁਲ ਜਾਵੇ ਹੋਸ਼ ਜੋ ਤਮਾਮ ਕੁਲ ਜੀ। ਬੁਲਾਂ ਉਤੇ ਫਿਰੇ ਰੇਸ਼ਮੀ ਰੁਮਾਲ ਜੀ। ਹੀਰ ਨਢੜੀ ਦਾ ਏਹ ਤਮਾਮ ਮਾਲ ਜੀ। ਬਾਲੀਆਂ ਤੇ ਕਿਡੀ ਨਿਕੀ ਨਿਕੀ ਮੋਰਨੀ। ਉਸਦੇ ਸਮਾਨ ਕੋਈ ਨਾਰ ਹੋਰ ਨੀ। ਕਿਸ਼ੋਰ ਚੰਦਾ ਦੂਸਰਾ ਸਮਝ ਕਾਲ ਜੀ। ਹੀਰ ਨਢੜੀ ਦਾ ਏਹ ਤਮਾਮ ਮਾਲ ਜੀ॥ ਮੁਕੰਦ ਛੰਦ ॥ਹੀਰ ਦੀ ਸਿਫਤ ਮੈਂ ਜਰਾ ਨ ਬੋਲਦਾ। ਸਚ ਕਰ ਜਾਨ ਨਾ ਜ਼ੁਬਾਨ ਡੋਲਦਾ। ਸਚ ਸਚ ਮੀਆਂ ਤੂੰ ਪਛਾਨ ਮਨ ਮੈਂ। ਡਸ ਜਾਵੇ ਛਡੇ ਨਾ ਪਰਾਨ ਤਨ ਮੈਂ। ਝੂਠ ਨਾ ਮੈਂ ਬੋਲਾਂ ਕਸਮ ਕੁਰਾਨ ਜੀ। ਦਸ ਗੁਤ ਵਾਲਾ ਕੀ ਕਰਾਂ ਬਿਆਨ ਜੀ। ਮੇਲਦੀ ਝੂਹੀ ਤੇ ਬਲਦਾਰ ਗੁਤ ਰੀ। ਤਛਕ ਦੀ ਨਾਗਨੀ ਉਤਾਰ ਉਤਰੀ। ਉਸੇ ਤਰਾਂ ਮੇਲ੍ਹਦੀ ਫਿਰੇ ਰਕਾਨ ਜੀ। ਦਸ ਗੁਤ ਵਾਲਾ ਕੀ ਕਰਾਂ ਬਿਆਨ ਜੀ। ਨਾਗਨੀ ਦੇ ਰਹੇ ਹੈਂ ਨਿਆਣੇ ਖੇਲ ਜੀ। ਮੇਢੀਆਂ ਨੂੰ ਲਾਯਾ ਛੈਬੀਆਂ ਦਾ ਤੇਲ ਜੀ। ਰਾਜਿਓਂ ਕੇ ਰਾਜੇ ਹੂਏ

ਕੁਰਬਾਨ ਜੀ। ਦਸ ਗੁਤ ਵਾਲਾ ਕੀ ਕਰਾਂ ਬਿਆਨ ਜੀ।
ਬਿਨਾਂ ਹੀ ਨਸ਼ੇ ਤੇ ਅਖੀਆਂਨੀ ਮੀਟੀਆਂ। ਜਾਲੀ ਵਿਚ
ਮੁੰਡੇ ਮਾਰਦੇ ਨੇ ਸੀਟੀਆਂ। ਕਿਸ਼ੋਰ ਚੰਦਾ ਨਾਲੇ ਉਮਰ
ਨਦਾਨ ਜੀ। ਦਸ ਗੁਤ ਵਾਲਾ ਕੀ ਕਰਾਂ ਬਿਆਨ ਜੀ।
ਕੋਰੜਾ ਛੰਦ॥ ਜੇ ਤੂੰ ਮਥਾ ਦੇਖਲੇਂ ਸੁੰਦਰ ਹੀਰ ਦਾ।
ਰੋਸ਼ਨ ਜਿਉਂ ਪੂਰਾ ਬਦਰੇ ਮੁਨੀਰ ਹਦਾ। ਨੈਨਾਂਦੀ ਦੋਨ ਲੀ
ਕਾਲਜੇ ਨੂੰ ਫੂਕਦੀ। ਕਰਾਂ ਕੀ ਸਿਫਤ ਸੁੰਦਰ ਮਸ਼ੂਕ
ਦੀ। ਨੇਤਰਾਂ ਦਾ ਤੀਰ ਕਾਲਜੇ ਮੇਂ ਗਡਦੀ। ਮਾਰ ਕੰ ਨ
ਸ਼ਾਨਾ ਸਾਰ ਪਾਰ ਕਢਦੀ। ਸਾੜ ਸਾੜ ਗੋਲੀ ਮਾਰਦੀ
ਬੰਦੂਕ ਦੀ। ਕਰਾਂ ਕੀ ਸਿਫਤ ਸੁੰਦਰ ਮਸ਼ੂਕ ਦੀ। ਦੇਖ
ਕੇ ਭਵਾਂ ਨੂੰ ਭਾਵੇਂ ਜਾਵੇ ਭੁਲ ਜੀ। ਇਕ ਇਕ ਗੱਲ ਦੇ
ਕਰੋਰ ਮੁਲ ਜੀ। ਬੋਲਦੀ ਜੇ ਹੀਰ ਕੋਲਵਾਂਗੂ ਕੂਕਦੀ।
ਕਰਾਂ ਕੀ ਸਿਫਤ ਸੁੰਦਰ ਮਸ਼ੂਕ ਦੀ। ਦੇਖਕੇ ਤੇ ਦੰਦ
ਜੁੜ ਜਾਣ ਦੰਦ ਜੀ। ਜਦੋਂ ਹੀਰ ਹਸਦੀਹੈ ਮੰਦ ਮੰਦ ਜੀ।
ਕਿਸ਼ੋਰ ਚੰਦਾ ਬਿਨਾਂਹੀ ਨਸ਼ੇ ਤੇ ਘੂਕਦੀ। ਕਰਾਂਕੀ ਸਿਫਤ
ਸੁੰਦਰ ਮਸ਼ੂਕ ਦੀ॥ ਮੁਕੰਦ ਛੰਦ॥ ਨਕ ਵਲ ਦੇਖ
ਮਰ ਜਾਨ ਫਕਜੀ। ਏਸਬਾਤਮੇਂ ਨਾ ਹੈ ਜਰਾਭੀਸ਼ਕਜੀ।
ਨਕ ਜਾਣ ਹੀਰ ਦਾ ਖੰਡੇ ਦੀ ਧਾਰ ਜੋ। ਬਿਨਾਂ ਮੌਤ
ਆਸ਼ਕਾਂ ਨੂੰ ਰਹੀ ਮਾਰ ਜੋ। ਪਾਨਾਂ ਤੇ ਬਰੀਕ ਪਤਲੇ ਨੇ
ਬੁਲ ਜੀ। ਮੋਤੀ ਬਾਗ ਵਿਚ ਜਿਉਂ ਖਿੜੇ ਨੇ ਫੁਲ ਜੀ।
ਪਟ ਤੇ ਅਮੀਰ ਕਈਸਰਦਾਰਜੋ।ਬਿਨਾਂ ਮੌਤ ਆਸ਼ਕਾਂ ਨੂੰ

ਰਹੀ ਮਾਰ ਜੋ। ਬੋਲਦੀ ਜ਼ਬਾਨੋਂ ਹੈ ਜਰਾ ਕਿ ਬੋਲਤਾਂ। ਹੋਵੇ ਸ਼ਰਮਿੰਦੀ ਹੈ ਜਰੂਰ ਕੋਲ ਤਾਂ। ਕੋਲ ਵਾਂਗੂੰ ਕੂਕਦੀ ਹਮੇਸ਼ ਨਾਰ ਜੋ। ਬਿਨਾਂ ਮੌਤ ਆਸ਼ਕਾਂ ਨੂੰ ਰਹੀ ਮਾਰ ਜੋ। ਦੇਖਕੇ ਤੇ ਗਲ ਗਲ ਜਾਵੇ ਘੁਟਿਆ। ਦੀਪਕ ਤੇ ਜਿਵੇਂ ਨ ਪਤੰਗ ਛੁਟਿਆ। ਛਾਤੀ ਉਤੇ ਧਰੇ ਸ਼ੌਕ ਸੇ ਅਨਾਰ ਜੋ। ਬਿਨਾਂ ਮੌਤ ਆਸ਼ਕਾਂ ਨੂੰ ਰਹੀ ਮਾਰ ਜੋ। ਪੈਰੇ ਜੋ ਤਖਤ ਦੇ ਸਿਪਾਹੀ ਖੜਗੇ। ਆਸ਼ਕੀ ਦੀ ਫੜਕੇ ਰਫਲ ਲੜਗੇ। ਮੰਨਗੇ ਬਲੌਰ ਹੈ ਸ਼ਰਮ ਹਾਰ ਜੋ। ਬਿਨਾਂ ਮੌਤ ਆਸ਼ਕਾਂ ਨੂੰ ਰਹੀ ਮਾਰ ਜੋ। ਬਾਹਾਂ ਵਾਲਾ ਦਸ ਕੀ ਕਰਾਂ ਬਿਆਨ ਜੋ। ਉਂਗਲਾਂ ਨੂੰ ਜਾਂਟਫਲੀਆਂ ਸਮਾਨ ਜੋ। ਆਖਦਾ ਕਿਸ਼ੋਰ ਦੇਂਦ ਬਾਰ ਬਾਰ ਜੋ। ਬਿਨਾਂ ਮੌਤ ਆਸ਼ਕਾਂ ਨੂੰ ਰਹੀ ਮਾਰ ਜੋ॥ ਮੁਕੰਦ ਛੰਦ॥ ਰੇਸ਼ਮ ਦੇ ਲੱਛੇ ਹੈਂ ਕੇਂਚਈ ਰੰਗਦੇ। ਭਰ ਭਰ ਕੋਲ ਪੀਲਏ ਜੋ ਭੰਗ ਦੇ। ਪੇਟ ਨੂੰ ਸਮਝ ਰੇਸ਼ਮ ਕਾ ਸੂਤਰੀ। ਝੰਗ ਵਿਚ ਆਣ ਉਤਰੀ ਕਬੂਤਰੀ। ਆਸ਼ਕਾਂ ਨੂੰ ਪਟੇ ਪਾਨੀ ਦਾ ਕਟੋਰਾ ਜੋ। ਫੇਰ ਨਾ ਕਿਸੇ ਤੇ ਚਲਦਾ ਨਟੋਰਾ ਜੋ। ਜਿੰਦ ਕਢ ਲਵੇ ਛਡੇ ਕਲਬੂਤਰੀ। ਝੰਗ ਵਿਚ ਆਨ ਉਤਰੀ ਕਬੂਤਰੀ। ਚੰਨਨ ਦੀ ਗੇਲੀ ਹੈ ਸਮਾਨ ਪਟ ਜੀ। ਪਟੇ ਗਏ ਦੇਖਕੇ ਬਹੁਤ ਜਟ ਜੀ। ਇੰਦਰ ਅਖਾੜਿਓਂ ਹੂਰਾਂ ਦੀ ਪੂਤਰੀ। ਝੰਗ ਵਿਚ ਆਣ ਉਤਰੀ ਕਬੂਤਰੀ। ਪਟਾਂ ਤਾਈਂ ਜਾਨ ਬੋਤਲਾਂ ਸਮਾਨ ਜੀ। ਸੱਤੀ ਸਤੀ ਹਨੀ ਹੋਣਕੁਰਬਾਨਜੀ।

ਕਿਸ਼ੋਰ ਚੰਦਾ ਹੂਰਾਂ ਏ ਅਕਾਸ਼ੋਂ ਉਤਰੀ। ਝੰਗ ਵਿਚ ਆਨ ਉਤਰੀ ਕਬੂਤਰੀ ॥ਦੋਹਰਾ॥ ਸੁਣੀ ਸਿਫਤ ਜਬ ਨਾਰ ਦੀ ਹੋਯਾ ਤੁਰਤ ਹੈਰਾਨ। ਲੋਭਦੀਆ ਜਬ ਛਾਪਦਾ ਸੋਆ ਛੇਜ ਤੇ ਆਨ॥ ਦੋਹਰਾ॥ ਬਿਆਨ ਸੁਨਾਮਾਂ ਹੋਰ ਭੀ ਸੁਣੋ ਹਮਾਰੇ ਮਿਤ। ਸੈਰ ਕਰਨ ਸੀ ਜਾਮਦੀ ਹੀਰ ਝਨਾ ਤੇ ਨਿਤ॥

ਨੋਟ—ਇਸ ਜਗਾ ਕਵੀਸ਼ਰ ਸ਼ੱਕ ਨ ਕਰੇਂ ਕਿਉਂਕਰ ਹੀਰ ਨੇ ਜੋ ਝਨਾਂ ਤੇ ਸੇਜ ਵਿਛਾਈਥੀ ਬੰਗਲੇਮੇਂ ਸੇਜਥੀ ਲੇਕਨ ਬੇੜੀਕੇ ਬੀਚ ਸੇਜ ਨ ਥੀ ਹਮਾਰੇਖਿਆਲਮੇਂ ਜਬ ਬਾਰਸ਼ ਯਾ ਅੰਧੇਰੀ ਆਤੀਥੀ ਤਬ ਸੇਜ ਯਾਨੀ ਪਲੰਘ ਕੋ ਕਿਸ ਜਗਾ ਰਖਤੇ ਥੇ ਅਗਰ ਕੋਈ ਸ਼ੰਕਾ ਕਰੇ ਕਿ ਲੁਡਨ ਮਲਾਹ ਉਠਾਤਾ ਥਾ ਤੋ ਮਲਾਹੋਂ ਕੀ ਘਾਸ ਕੀ ਕੁਲੀਆਂ ਹੋਤੀ ਹੈਂ ਵੁਹ ਜੋ ਸੇਜ ਥੀ ਝਨਾਂਕੇਕਨਾਰੇ ਹੀਰ ਕਾ ਏਕ ਬੰਗਲਾ ਤਾਮੀਰ ਕਰਵਾਯਾ ਹੋਯਾ ਥਾ ਇਸ ਮੇ ਸੇਜ ਥੀ ਔਰ ਹੀਰ ਨੂੰ ਜਾਇਕੇ ਕਿਸੇ ਸ਼ਖਸ ਨੇ ਨਹੀਂ ਕਹਾ ਕਿ ਕੋਈ ਆਦਮੀ ਸੋਯਾ ਪੜਾ ਹੈ ਕਿਉਂਕਰ ਅਗੇ ਭੀ ਸੈਰ ਕੋ ਜਾਤੀ ਥੀ ਇਸ ਦਿਨ ਭੀ ਸਈਯਾਂ ਕੇ ਸਾਥ ਸੈਰ ਕੋ ਗਈ। ਨਾ ਆਗੇ ਹੀਰ ਰਾਂਝੇ ਕੋ ਜਾਨਤੀ ਥੀ ਨਾ ਰਾਂਝਾ ਹੀਰ ਕੋ ਜਾਨਤਾ ਥਾ ਕੁਦਰਤੀ ਮੇਲ ਹੂਆ ਰਾਂਝੇ ਨੇ ਸਿਫਤ ਸੁਣਕਰ ਦਿਲ ਮੇਂ ਖਿਆਲ ਕੀਆ ਕਿ ਹੀਰ ਐਸੀ ਹੈਗੀ ਹੈ ਹੀਰ ਨੇ ਸੈਰ ਕਰਨ ਝਨਾਕੋ ਜਾਣਾ

ਮੰਜ ਭਾਖਨੀ ਛੰਦ ॥ ਸਹੇਲੀਆਂ ਦੇ ਨਾਲ ਚਲੀ ਸੈਰ ਕਾਰਨੇ। ਆਸ਼ਕਾਂ ਦੇ ਸਿਰ ਧੜ ਤੇ ਉਤਾਰਨੇ। ਚਲੀ ਫੁਲਕਾਰੀ ਲੈ ਸੁਰਖ ਰੰਗਦੀ। ਬਾਨੀਆਂ ਨੂੰ ਜਾਵੇ ਸਪ ਵਾਂਗੂ ਡੰਗਦੀ। ਲਟਕ ਲਟਕ ਚਲਦੀ ਹੈ ਤੋਰ ਜੀ। ਆਣਕੇ ਬਜ਼ਾਰ ਪੈਗਿਆ ਹੈ ਸ਼ੋਰ ਜੀ। ਤੁਰੀ ਜਾਂਦੀ ਹੀਰ ਜੇ ਜ਼ਰਾਕ ਖੰਗਦੀ। ਬਾਨੀਆਂ ਨੂੰ ਜਾਵੇ ਸੱਪ ਵਾਂਗੂ ਡੰਗਦੀ। ਸਹੇਲੀਆਂ ਦੀ ਲਾਈ ਹੀਰ ਨੇ ਕਤਾਰ ਜੋ। ਕੱਤੇਂ ਦੇ ਮਹੀਨੇ ਜਿਉਂ ਕੂੰਜਾਂ ਦੀ ਡਾਰ ਜੋ। ਚਲੀ ਲੈਕੇ ਫੌਜ ਜਿਉਂ ਚੜ੍ਹਾ ਈ ਜੰਗਦੀ। ਬਾਨੀਆਂ ਨੂੰ ਜਾਵੇ ਸੱਪ ਵਾਂਗੂ ਡੰਗਦੀ। ਜਿਸ ਵੇਲੇ ਨੇਤਰਾਂ ਨੂੰ ਲੈਂਦੀ ਮੀਚ ਜੀ। ਪੈਂਦੀ ਹੈ ਅੰਧੇਰੀ ਰਾਤ ਜਗ ਬੀਚ ਜੀ। ਖੋਲ ਲਵੇ ਅੱਖ ਕਰੇ ਰਾਖ ਝੰਗ ਦੀ। ਬਾਨੀਆਂ ਨੂੰ ਜਾਵੇ ਸੱਪ ਵਾਂਗੂ ਡੰਗਦੀ। ਹੀਰ ਵਲ ਦੇਖਕੇ ਜਨੌਰ ਸੜਦੇ। ਜਾਣੀਆਣ ਸੂਰਜ ਅਨੇਕ ਚੜ੍ਹਦੇ। ਪੈਂਦੀ ਹੈ ਲਸ਼ਕ ਨਾਲੇ ਆਨ ਬੰਗਦੀ। ਬਾਨੀਆਂ ਨੂੰ ਜਾਵੇ ਸੱਪ ਵਾਂਗੂ ਡੰਗਦੀ। ਝੰਗ ਵਿਚੋਂ ਨਿਕਲ ਬਾਹਿਰ ਆ ਗਈ। ਕੱਢ ਜਾਨ ਜੱਟਾਂ ਦੀ ਤੁਰਤ ਖਾਗਈ। ਚੜ੍ਹ ਜਾਵੇ ਲੋਰ ਜਿਉਂ ਸ਼ਰਾਬ ਭੰਗਦੀ। ਬਾਨੀਆਂ ਨੂੰ ਜਾਵੇ ਸੱਪ ਵਾਂਗੂ ਡੰਗਦੀ। ਸਾੜ ਸਾੜ ਕਰਦੀ ਝਨਾਂ ਤੇ ਆਮਦੀ। ਫੇਰ ਹੀਰ ਸੇਜ ਦੀ ਤਰਫ ਜਾਮਦੀ। ਕਿਸ਼ੋਰ ਹੁੰਦਾ ਰਤ ਆਸ਼ਕਾਂ ਦੀ ਮੰਗਦੀ। ਬਾਨੀਆਂ ਨੂੰ ਜਾਵੇ ਸੱਪ ਵਾਂਗੂ ਡੰਗਦੀ।

ਕੋਰੜਾ ਛੰਦ ॥ ਸੇਜ ਉਤੇ ਪਿਆ ਆਦਮੀ ਪਛਾਣਿਆਂ।

ਮੁਖ ਉਤੇ ਚਾਦਰਾ ਸਫੈਦ ਤਾਣਿਆਂ । ਮਥੇ ਉਤੇ ਰਹੀ ਨਾ ਰਸਮ ਨੂਰ ਦੀ । ਮਾਰਕੇ ਉਡਾ ਦੇਓਨੀ ਖਲ ਸੂਰ ਦੀ । ਨੂਰਾਂ ਗੋਲੀ ਤਾਂਈ ਆਖਦੀ ਪੁਕਾਰਕੇ । ਲਿਆਓਨੀ ਮਲਾ ਨੂੰ ਉਰੇ ਮਾਰ ਮਾਰ ਕੇ। ਲੁਡਨ ਮਲਾ ਨੂੰ ਜਾ ਨੂਰਾਂ ਨੇ ਫੜਿਆ । ਬਾਂਹੋਂ ਫੜ ਖਿਚਕੇ ਲਵੇੜਾ ਜੜਿਆ। ਗੰਦ ਵਿਚ ਰੋਲੀ ਤੈਂ ਡਲੀ ਕਪੂਰਦੀ। ਮਾਰਕੇ ਉਡਾ ਦੇਓਨੀ ਖੱਲ ਸੂਰਦੀ। ਮਾਰ ਮਾਰ ਸਈ-ਯਾਂ ਨੇ ਬਨਾਯਾ ਲਾਲ ਜੀ । ਰੋਵੇ ਜ਼ਾਰੋ ਜ਼ਾਰ ਨ ਰਹੀ ਸੰਭਾਲ ਜੀ। ਸੇਜ ਤੈਂ ਬਗਾੜੀ ਜਿਵੇਂ ਇੰਦ ਹੂਰ ਦੀ। ਮਾਰਕੇ ਉਡਾ ਦੇਓ ਨੀ ਖੱਲ ਸੂਰਦੀ। ਮਾਰ ਮਾਰ ਸਈ-ਆਂ ਨੇ ਬਹੁਤ ਭੰਨਿਆਂ। ਦਸ ਸੇਜ ਉਤੇ ਕਿਊਂ ਸੁਲਾਯਾ ਅੰਨਿਆ। ਭੰਨ ਦੇਓ ਧੌਣ ਇਸ ਬੇਸ਼ਹੂਰ ਦੀ। ਮਾਰਕੇ ਉਡਾ ਦੇਓ ਨੀ ਖਲ ਸੂਰਦੀ। ਮਾਰਦੀ ਜਾਂ ਮੁਕੀ ਕੱਢ ਲੈਂਦੀ ਜਾਨ ਨੂੰ। ਰੋਕੇ ਕੌਣ ਹੀਰ ਨੱਢੜੀ ਰਕਾਨ ਨੂੰ ' ਕਿਸ਼ੋਰ ਚੰਦਾ ਗੱਲ ਹੋਈ ਹੈ ਕਸੂਰ.ਦੀ। ਮਾਰਕੇ ਉਡਾ ਦੇਓ ਨੀ ਖਲ ਸੂਰਦੀ॥ ਕੋਰੜਾ ਛੰਦ॥ ਹੀਰ ਤਾਂਈ ਕਹੇ ਲੁਡਨ ਪੁਕਾਰਕੇ । ਪਟ ਦਿਤੀ ਜਖਣਾ ਤੈਂ ਮਾਰ ਮਾਰਕੇ। ਸੇਜ ਉਤੇ ਪਿਆ ਕਰਾਮਾਤੀ ਪੀਰ ਨੀ। ਯੂਸਫ ਤੇ ਸੋਣਾ ਉਸਦਾ ਸਰੀਰ ਨੀ। ਅਕਲ ਸ਼ਕਲ ਵਿਚ ਭਰਪੂਰ ਨੀ। ਚੰਦ ਦੇ ਸਮਾਨ ਹੈ ਨਵੇ ਦਾ ਨੂਰਨੀ। ਜਾਣੀ ਰਾਜਪੂਤ ਬਾਦਸ਼ਾਹ ਵਜੀਰ ਨੀ। ਯੂਸਫ ਤੇ

ਸੋਣਾ ਉਸਦਾ ਸਰੀਰ ਨੀ। ਹੀਰ ਤਾਂਈ ਕਹੇ ਲਛਨ ਪੁਕਾਰ ਕੇ। ਹਥ ਜੋੜ ਮੂਰੇ ਖੜਾ ਸਰਕਾਰ ਕੇ। ਓ ਤਾਂ ਜਾਣ ਹੀਰੇ ਬਦਰੇ ਮੁਨੀਰਨੀ । ਯੂਸਫ ਤੇ ਸੋਣਾ ਉਸ ਦਾ ਸਰੀਰ ਨੀ। ਦੇਖ ਕੇਰਾਂ ਹੀਰੇ ਤੂੰ ਨਿਗਾ ਨੂੰ ਮਾਰਕੇ। ਘਰ ਬਾਰ ਬੈਠਜੇਂ ਹੁਣੇ ਹੀ ਬਾਰਕੇ। ਆਖਦਾ ਕਿਸ਼ੋਰ ਘੜੀ ਤਸਵੀਰ ਨੀ। ਯੂਸਫ ਤੇ ਸੋਣਾ ਉਸਦਾ ਸਰੀਰਨੀ ॥ ਚਾਤ੍ਰਿਕ ਛੰਦ ॥ ਸੋਭਾ ਸੁਣਤੀ ਚਲਤੀ ਉਧਰੇ ਨਿਗਾ ਸੇਜ ਕੇ ਊਪਰ ਮਾਰਤ ਹੈ। ਨਚਤੀ ਹਸਤੀ ਅਬ ਹੀਰ ਚਲੀ ਮੁਖ ਸੇ ਇਕ ਵਾਕ ਉਚਾਰਤਹੈ। ਦਸ ਕੌਣ ਪੜਾ ਉਠ ਬੈਠ ਜਰਾ ਕੁਛ ਚਿੱਤ ਮੈਂ ਖੌਫ ਕੋ ਧਾਰਤ ਹੈ। ਉਠ ਉੱਠ ਤੂੰ ਦੇਰ ਕਰੀ ਇਤਨੀ ਅਬ ਤੁਝੇ ਕਿਸ਼ੋਰ ਜੁ ਮਾਰਤ ਹੈ॥ ਸਵੈਯਾ ॥ ਸੁਣਕੇ ਬੋਲ ਖੜਾ ਉਠ ਰਾਂਝਣਾ ਹੀਰ ਕਹੇ ਮਨ ਮੈਂ ਜਾਨ ਵਾਰੀ। ਕਹੇ ਰਾਂਝਣਾ ਵਾਂਗ ਜਲਾਦ ਕੇ ਤੈਂ ਫੜੀ ਨੈਨਾਂ ਦੀ ਕਾਸਨੂੰ ਤੇਜ ਕਟਾਰੀ। ਮਾਰ ਮਾਰ ਹੀ ਮਾਰ ਪੁਕਾਰ ਕਰੇਂ ਕਿਉਂ ਗਰੀਬਾਂ ਦੇ ਮਾਰਨੇ ਦੀ ਨੀਤ ਧਾਰੀ। ਕਿਸ਼ੋਰ ਚੰਦਾ ਕੀ ਜੋਰ ਨਤਾਣਿਆਂ ਦਾ ਆਲੈ ਸਾਂਭ ਲੈ ਆਪਣੀ ਸੇਜ ਅਟਾਰੀ ॥ ਸਵੈਯਾ ॥ ਜੁਬਾ ਰੰਗ ਤਰੰਗਕੇ ਸੰਗ ਹੀਰੇ ਦਿਨ ਚਾਰ ਰਹਿੰਦੇਬਾਕੀ ਮਹਿਲ ਮੁਨਾਰੇ। ਰੰਗ ਰੂਪ ਦਾ ਮਾਣ ਗਵਾਰ ਕਰੇ ਹੋਛੀ ਤੀਮੀਆਂ ਦੀ ਮੱਤ ਜਾਣਦੇ ਸਾਰੇ। ਇੰਨੀ ਆਖ ਰਾਂਝਾ ਉਠਕੇ ਤੁਰਿਆ ਪਿਛੇ ਹੀਰ ਰੋਵੇ ਉਚੀ ਮਾਰਕੇ ਨਾਰੇ।

ਕਿਸ਼ੋਰਚੰਦ ਕਵੀ ਰੋ ਰੋ ਕੂਕ ਰਹੀ ਹਥ ਜੋੜਕੇ ਸੱਯਾਂ ਨੂੰ ਵਾਕ ਉਚਾਰੇ॥ਮਿਸ੍ਰਤਸਵੈਯਾ॥ਸੱਯੇ ਮੌਜ਼ਲਵੇ ਇਸਬਾਵਰੇ ਨੂੰ ਪੁਛੋ ਕੇੜੀ ਗਲੋਂ ਉਠ ਗਿਆ ਹੈ ਨੀ । ਜਿੰਦ ਕਢ ਲਈ ਨੀ ਵਜੂਦ ਵਿਚੋਂ ਖਾਲੀ ਪਿੰਜਰਾ ਖੜਕਦਾ ਪਿਆ ਹੈ ਨੀ। ਜੈਸੇ ਨੀਰ ਬਿਨਾਂ ਮਛਲੀ ਤੜਫੇ ਤਨ ਇਉਂ ਤੜਫੇ ਸਚ ਕਿਹਾ ਹੈ ਨੀ । ਪਾਯਾ ਸ਼ੋਰ ਕਿਸ਼ੋਰ ਵਰਲਾਪ ਕਰੇ ਤਨ ਬਿਰਹੋਂ ਨੇ ਆਣ ਸਤਾਯਾ ਹੈ ਨੀ॥ ਸਵੈਯਾ ॥ ਸੁਣ ਸਈਆਂ ਉਠਕੇ ਦੌੜੀਆਂ ਜਾਕੇ ਜੰਗਲ ਦੇ ਵਿਚ ਪਾਲਏ ਘੇਰੇ। ਸਾਨੂੰ ਹੱਸਕੇ ਦਸਦੇ ਸੋਣਿਆਂ ਵੇ ਕੀ ਦਲ੍ਹੋਲ ਉਠੀ ਮਨ ਮੇਂ ਹੁਣ ਤੇਰੇ। ਬੋਲੇ ਬਿਨਾਂ ਔਰ ਤੋਲੇ ਬਿਨਾ ਗਲ ਖੋਲੇਬਿਨਾਂ ਕਹੁ ਕੌਣ ਚੰਗੇਰੇ। ਕਿਸ਼ੋਰ ਚੰਦ ਕਵੀ ਚਲ ਝੰਗ ਨੂੰ ਤੂੰ ਲੌਣ ਕੂਲ ਸਹੇਲੀਆਂ ਜੋਰ ਬਧੇਰੇ॥ ਸਵੈਯਾ॥ ਰਾਂਝਾ ਨਾਰਾਂ ਨੂੰ ਫੇਰ ਪੁਕਾਰ ਕਰੇ ਜਾਓ ਜਾਓ ਪ੍ਰਦੇਸੀ ਨੂੰ ਨਾਹਿੰ ਸਤਾਈਏ। ਮਾਰ ਮਾਰ ਪੁਕਾਰ ਕਰੇ ਨਫੜੀ ਤੁਹਾਡੇ ਚਿਤ ਮੇਂ ਫੇਰ ਲੇ ਜਾਇ ਕੁਟਾਈਏ। ਬਸਬਸ ਨਾਰੋ ਨਹੀਂ ਜਾਮਨਾ ਮੈਂ ਸਚ ਆਖ ਜਬਾਨਤੋਂ ਵਾਕ ਸੁਣਾਈਏ। ਬਿਚ ਬਿਚ ਕਰਦਾਸੱਈਆਂ ਨੇ ਧੱਕਿਆ ਨਹੀਂ ਢਾਂਗ ਕਿਸ਼ੋਰ ਦੇ ਪੈਰ ਖਿਚਾਈਏ॥ ਦੋਹਰਾ॥ ਡਿਠਾ ਹੀਰ ਜਾਂ ਆਮਦਾ ਹੋ ਗਈ ਦਿਲੋਂ ਅਨੰਦ। ਗਲ ਵਿਚ ਆਕੇ ਪੈਗਿਆ ਬੁਰਾ ਇਸ਼ਕ ਦਾ ਤੰਦ॥ ਦੋ ਭਾਗ ਛੰਦ॥ ਜਿਸ ਵੇਲੇ ਹੀਰ ਪਾਸ ਰਾਂਝਾ

ਆਗਿਆ। ਜੋੜਾ ਸੀ ਵਿਜੋਗ ਦੇ ਜੰਜੀਰ ਪਾਗਿਆ। ਸਦਕੇ ਤੇ ਰਾਂਝੇ ਨੂੰ ਬਿਠਾਯਾ ਕੋਲ ਜੀ। ਮਿਠਾ ਜਿਹਾ ਹੀਰ ਬੋਲਦੀ ਹੈ ਬੋਲ ਜੀ। ਕੇੜੀ ਗਲੋਂ ਗਿਆ ਸੀ ਤੂੰ ਗੁਸੇ ਹੋਇਕੇ। ਹਥ ਬੰਨ ਪੁਛਦੀ ਵੇ ਮੈਂ ਖੜੋਇਕੇ। ਧਨ ਮਾਲ ਮੁਲਕ ਤਮਾਮ ਤੇਰਾਵੇ। ਤੇਰੇ ਮੂਹੇ ਰਤੀ ਨ ਉਜ਼ਰ ਮੇਰਾ ਵੇ। ਸੇਜ ਹੀਰ ਤੇਰੀ ਵੇਚ ਲੈ ਬਜਾਰ ਵੇ। ਤੇਰੇ ਮੂਹੇ ਕਰਾਂ ਨਹੀਂ ਤਕਰਾਰ ਵੇ। ਮੋੜਕੇ ਜਵਾਬ ਸੀ ਰਾਂਝੇ ਨੇ ਕਰਿਆ। ਇਕ ਘੜੀ ਨਾਰਾਂ ਕੋਲੋਂ ਰੱਬ ਡਰਿਆ। ਸਾਂਭ ਰਖ ਸੇਜ ਤੇ ਅਟਾਰੀ ਆਪਦੀ। ਕਲ ਨੂੰ ਕਰੇਂਗੀ ਨੀ ਸ਼ਰਮ ਬਾਪਦੀ। ਬੁਰਾ ਹੁੰਦਾ ਹੀਰੇ ਯਾਰੀ ਦਾ ਲਗਾ-ਮਟਾ। ਅਗ ਵਿਚ ਜਿਵੇਂ ਨੀ ਬਰੂਦ ਪਾਮਟਾ। ਨਾਰੀ ਪਿਛੇ ਮਜਨੂੰ ਹੋਯਾ ਲਚਾਰ ਨੀ। ਇਸ ਤੇ ਬਗੈਰ ਹੋਰ ਵੀ ਹਜਾਰ ਨੀ। ਇਸ਼ਕ ਬਪਾਰ ਚੋਂ ਕਿੰਨੇ ਨ ਖੱਟਿਆ। ਰੁਖ ਹਰਾ ਹੋਵੇ ਨਾ ਤੁਹਾਡਾ ਚੱਟਿਆ। ਏਵੇਂ ਹੀਰੇ ਬੱਲ੍ਹੀ ਤੂੰ ਮਚਾਵੇਂ ਸ਼ੋਰ ਨੀ। ਦੂਸਰੇ ਦੇ ਮਾਲ ਤੇ ਰੱਤੀ ਨਾ ਜੋਰ ਨੀ। ਹੁਣ ਮਿਠੀ ਮਿਠੀ ਆਖਦੀ ਹੈਂ ਗਲ ਨੂੰ। ਮਾਲਕ ਦੇ ਨਾਲ ਤੋਰ ਦੇਣ ਕਲਨੂੰ। ਫਰ ਦਸ ਸਾਡਾਕੀ ਹੋਊਗਾ ਹਾਲ ਨੀ। ਕਾਨੂੰ ਹੀਰੇ ਪੌਨੀ ਹੈਂ ਇਸ਼ਕ ਜਾਲ ਨੀ। ਓਦੋਂ ਜਾਂਵੇਂ ਅੱਖਾਂ ਨੂੰ ਤੁਰਤ ਫੇਰਨੀ। ਜਦੋਂ ਮਾਲੀ ਆਣ ਕਰੂ ਮੇਰ ਤੇਰਨੀ। ਹੀਰ ਮੁੜ ਰਾਂਝੇ ਨੂੰ ਪੁਕਾਰ ਕਰਦੀ। ਮੈਂ ਤਾਂ ਹੋਕੇ ਆਜਜ ਖੜੀ ਹਾਂ ਬਰਦੀ। ਮੈਂ ਤਾਂ ਲੋਕਾਂ

ਸੁਖ ਵੇ ਤੇਰੇ ਸਰੀਰ ਦੀ। ਖਾਵਾਂ ਮੈਂ ਕਸਮ ਵੇ ਪਠਾਂਣ ਵੀਰਦੀ। ਤੇਰੇ ਅਗੇ ਕਰਾਂ ਨਾ ਜਰਾ ਵੀ ਹੁਤ ਵੇ। ਝੂਠ ਬੇਈਮਾਨ ਦੇ ਹਜਾਰ ਜੁਤ ਵੇ। ਨੇਮਤੂੰ ਕਰਾਲੈ ਜੋਸਲਾਹ ਤੇਰੀ ਵੇ। ਚੱਕਲਾਂ ਕੁਰਾਨ ਨਾ ਹੁਜਤ ਮੇਰੀ ਵੇ। ਰਾਂਝਾ ਕਹੇ ਫੇਰ ਹੋਇਕੇ ਨਸੰਗ ਨੀ। ਦਸ ਤੂੰ ਰਖੇਂਗੀ ਮੈਨੂੰ ਕੇੜ੍ਹੇ ਢੰਗਨੀ। ਹੁਣ ਗਲਾਂ ਖੋਲ ਲੈ ਤਮਾਮ ਸਾਰੀਆਂ। ਫੇਰ ਹੀਰਸਾਨੂੰਕਰੀਂ ਨਾ ਖੁਵਾਰੀਆਂ। ਹੀਰਕੈਂਦੀ ਪੈਲਾਂ ਤੈਨੂੰ ਮਾਹੀ ਰਖਣਾ। ਪਿਛੋਂ ਯਾਰੀ ਵਾਲਾ ਵੇ ਸਵਾਦ ਚਖਣਾ। ਕਿਸ਼ੋਰਚੰਦਾ ਕੀਤੇ ਕੁਲ ਤਕਰਾਰ ਜੇ। ਹੀਰ ਹਾਂ ਕਹਾਕੇ ਹੋਗਈ ਤਿਆਰ ਜੇ॥ ਕੋਰੜਾ ਛੰਦ॥ ਉਠਕੇ ਸਹੇਲੀਆਂ ਦੇ ਨਾਲ ਜਾਮਦੀ। ਆਨਕੇ ਤੇ ਹੀਰ ਬਾਪ ਨੂੰ ਸੁਨਾਮਦੀ। ਸਾਰੀ ਬਾਤ ਬਾਪ ਨੂੰ ਸੁਣਾਵੇ ਖੋਲਕੇ। ਬਾਵਲਾ ਲਿਆਂਦਾ ਮੈਂ ਮਾਹੀ ਨੂੰ ਟੋਲਕੇ। ਅਖੀਂ ਹੈ ਸ਼ਰਮ ਤੇ ਈਮਾਨਦਾਰ ਵੇ। ਰੋਟੀਅਤੇ ਮਝੀਆਂ ਲਿਆਊ ਚਾਰਵੇ। ਸਾਰੇ ਗੁਣ ਉਸਦੇ ਕਹਾਂ ਫਰੋਲ ਕੇ। ਬਾਵਲਾ ਲਿਆਦਾਂ ਮੈਂ ਮਾਹੀਨੂੰ ਟੋਲਕੇ। ਕਰੂ ਤੇਰੇ ਕੰਮ ਨੂੰ ਹਮੇਸ਼ ਡਰਕੇ। ਜਾਊ ਨਹੀਂ ਬਾਵਲਾ ਵਿਗਾਰ ਕਰਕੇ। ਕਰੂਗਾ ਗੁਤਾਵਾਂਵਿਚ ਬੰਡਘੋਲਕੇ। ਬਾਵਲਾ ਲਿਆਂਦਾ ਮੈਂ ਮਾਹੀ ਨੂੰ ਟੋਲਕੇ। ਝਾਕੇ ਨਾਂ ਉਤਾਹਾਂ ਕਦੇ ਅਖ ਭਰਕੇ। ਜਾਊ ਤੇਰਾ ਲੂਣ ਨ ਹਰਾਮ ਕਰਕੇ। ਕਿਸ਼ੋਰ ਚੰਦਾ ਕੰਮ ਨਾ ਕਰੂਗਾ ਡੋਲਕੇ। ਬਾਵਲਾ ਲਿਆਂਦਾ ਮੈਂ ਮਾਹੀ ਨੂੰ ਟੋਲ

ਕੇ ॥ ਕੋਰੜਾ ਛੰਦ ॥ ਹੀਰ ਤਾਂਈ ਚੂਚਕ ਉਚਾਰੇ ਫੇਰ ਜੇ। ਚੰਗਾ ਹੈ ਜੇ ਮਾਹੀ ਕਿਉਂ ਲਗਾਈ ਡੇਰ ਜੇ। ਘਰ ਨੂੰ ਲਿਆਈਂ ਤੂੰ ਸ਼ਤਾਬ ਜਾਇ ਕੇ। ਇਕ ਵਾਰ ਮਾਹੀ ਨੂੰ ਦਿਖਾਦੇ ਲਿਆਇਕੇ। ਲਿਆਂਈ ਤੂੰ ਤੁਰਤ ਨਾ ਅਗੇ ਨੂੰ ਜਾਨਦੇ। ਇਕ ਵਾਰ ਉਸਨੂੰ ਜਰੂਰ ਲਿਆਨਦੇ। ਆਖਦਾ ਮੈਂ ਤੈਨੂੰ ਤਨੋ ਮਨੋਂ ਲਾਇਕੇ। ਇਕਵਾਰ ਮਾਹੀ ਨੂੰ ਲਿਆਮੀਂ ਜਾਇਕੇ। ਖਾਇਕੇ ਨਿਮਕ ਜੇ ਕਰੂ ਹਰਾਮ ਨੀ। ਮੇਰੇ ਨਾ ਲਿਆਈਂ ਉਸ ਨੂੰ ਮਕਾਨ ਨੀ। ਦਿਸਦਾ ਜੇ ਚੰਗਾ ਜਾ ਸ਼ਿਤਾਬ ਧਾਇਕੇ। ਇਕ ਵਾਰ ਮਾਹੀ ਨੂੰ ਲਿਆਮੀਂ ਜਾਇਕੇ। ਕਰੇ ਮੇਰੇ ਕੰਮਨੂੰ ਲਗਾਕੇ ਚਿਤਨੀ। ਖੰਡ ਘਿਓ ਚੂਰੀਆਂ ਉਡਾਵੇ ਨਿਤ ਨੀ। ਕਿਸ਼ੋਰ ਚੰਦਾ ਸਚ ਕਹੇ ਫਰਮਾਇਕੇ। ਇਕ ਵਾਰ ਮਾਹੀ ਨੂੰ ਦਿਖਾਦੇ ਲਜਾਇਕੇ ॥ ਕੋਰੜਾ ਛੰਦ ॥ ਹੀਰ ਹਾਂ ਕਹਾਕੇ ਝਨਾਂ ਨੂੰ ਜਾਮਦੀ। ਆਣਕੇ ਸਲਾਮ ਰਾਂਝੇ ਨੂੰ ਬੁਲਾਂਮਦੀ। ਚਲ ਮੀਆਂ ਰਾਂਝਿਆ ਪਿਤਾ ਦੇ ਕੋਲ ਨੂੰ। ਜਾਕੇ ਮੂਹਰੇ ਬੋਲਨਾ ਬਰੀਕ ਬੋਲ ਨੂੰ। ਜਾਕੇ ਮੀਆਂ ਪੈਲਾਂ ਆਖਣਾ ਸਲਾਮ ਨੂੰ। ਲਿਆਕਤਾਂ ਦੇ ਨਾਲ ਕਰਨਾ ਕਲਾਮ ਨੂੰ। ਪੈਲਾਂ ਚਲ ਮੀਆਂ ਸੂਆ ਤੂੰ ਵਸਾਲਈਂ। ਫੇਰ ਸੇਜ ਹੀਰਨਵੀ ਦੀ ਹੰਢਾ ਲਈਂ। ਤੁਰਿਆ ਬਿਚਾਰਾ ਬੰਜਲੀ ਬਜਾਂਮਦਾ। ਚੂਚਕੇ ਦੇ ਪਾਸ ਰਾਂਝਣਾ ਜੋ ਆਮਦਾ। ਜਾਕੇ ਪੈਲਾਂ ਰਾਂਝੇ ਨੇ ਕਿਹਾ ਸਲਾਮ ਨੂੰ। ਕਹੋ ਜੋਗੀ ਬਾਤ ਆਖਣੀ ਗ

ਲਾਮ ਨੂੰ। ਕਿਸ਼ੋਰ ਚੰਦਾ ਕੀਤਾ ਚੂਚਕੇ ਨੇ ਧਿਆਨ ਜੇ। ਦੇਖ ਰੂਪ ਰਾਂਝੇ ਦਾ ਹੋਯਾ ਹੈਰਾਨ ਜੇ॥ ਕੋਰੜਾ ਛੰਦ॥ ਦਸ ਪਿੰਡ ਆਪਦਾ ਸ਼ਿਤਾਬਮੁਝਕੇ। ਪੈਗਿਆ ਵਖਤ ਦਸ ਕੇੜਾ ਤੁਝਕੇ। ਕੇੜੇ ਪਿੰਡੋਂ ਆਯਾ ਕੇੜੇ ਜਾਣਾ ਗਾਮ ਓਏ। ਦਸ ਜਾਤ ਗੋਤ ਤੇ ਪਿਤਾ ਦਾ ਨਾਮ ਓਏ। ਦਿਸਦਾ ਅਮੀਰ ਹੌਸਲਾ ਕੀ ਢੈਗਿਆ। ਕੇੜੀ ਗਲੋਂ ਨੌਕਰੀ ਕਰਨ ਡੈਗਿਆ। ਰਾਂਝਾ ਫੇਰ ਚੂਚਕੇ ਨੂੰ ਹੈ ਉਚਾਰਦਾ। ਛਡਿਆ ਜੰਜਾਲ ਹਥੀਂ ਘਰ ਬਾਰ ਦਾ। ਤਖਤ ਹਜਾਰੇ ਮੈਂ ਕਰਾਂ ਨਵਾਸਜੀ। ਬਾਪ ਗਿਆਮਰ ਹੋਯਾ ਮੈਂ ਉਦਾਸ ਜੀ। ਨਾਮ ਮੇਰਾ ਰਾਂਝਾ ਕੌਮ ਜਾਣ ਜਟ ਜੀ। ਹੋਗਿਆ ਉਦਾਸ ਆਯਾ ਪੈਰ ਪੱਟ ਜੀ। ਸਾਰਾ ਹੀ ਹਵਾਲ ਦਸਿਆ ਹੈ ਫੋਲਕੇ। ਫੇਰ ਅਗੋਂ ਚੂਚਕ ਸੁਣਾਵੇ ਬੋਲਕੇ। ਹੀਰ ਤਾਂਈ ਆਖਦਾ ਮੁੰਡਾ ਅਲੱਥ ਨੀ। ਮਾਹੀ ਵਾਲਾ ਏਸਦਾ ਜਰਾ ਨ ਰੱਥ ਨੀ। ਏਸ ਨੂੰ ਅਸਾਂ ਨੇ ਨਹੀ ਮਾਹੀ ਰਖਣਾ। ਕਿਸ਼ੋਰ ਚੰਦਾ ਅਸੀਂ ਨਾ ਪਟੌਣੀ ਜਖਣਾ॥ ਕੋਰੜਾ ਛੰਦ॥ ਹੀਰ ਫੇਰ ਬਾਪ ਨੂੰ ਕਰੇ ਪੁਕਾਰ ਜੀ। ਤੈਨੂੰ ਮਾਹੀ ਵਾਲੀ ਨਾ ਜਰਾ ਭੀ ਸਾਰ ਜੀ। ਜਦੋਂ ਤੇਰੇ ਮਾਲ ਨੂੰ ਕਰ ਖਰਾਬ ਜੋ। ਹੋਊ ਮਾਲ ਭੁਖਾ ਤਾਂ ਦਈਂ ਜਵਾਬ ਜੋ। ਬਿਨਾਂ ਦੇਖੇ ਏਸਦੇ ਕੀ ਜਾਣੇ ਗੁਣਤੂੰ। ਮੇਰੀ ਬਾਤ ਬਾਪ ਚਿਤੋਂ ਲਾਕੇ ਸੁਣ ਤੂੰ। ਰਖਲੈ ਤੂੰ ਇਸ ਨੂੰ ਜਰੂਰ ਬਾਬਲਾ। ਐਸਾ ਨਹੀਂ ਹੋਰ ਮਿਲੂਗਾ ਚਰਾਵਲਾ।

ਅਛਾ ਧੀਏ ਤੇਰਾ ਮੰਨ ਲਿਆ ਬੋਲ ਨੀ। ਮਝੀਆਂ ਸਮਾ ਲਦੇ ਲਿਜਾਕੇ ਕੋਲ ਨੀ। ਲੈਕੇ ਤੁਰੀ ਹੀਰ ਜਾਂ ਕਿਸ਼ੋਰ ਛੰਦ ਨੂੰ। ਓਸ ਵੇਲੇ ਹੀਰ ਪਾਮਦੀ ਅਨੰਦ ਨੂੰ॥

ਦੋਹਰਾ॥ ਹੀਰ ਲਿਜਾਕੇ ਨਾਲ ਹੁਣ ਦਿਤਾ ਮਾਲ ਸੰ-ਭਾਲ। ਲੈ ਅਗਲੇ ਦਿਨ ਜਾਮਦਾ ਵਿਚ ਬੇਲੇ ਦੇ ਮਾਲ॥

ਮੁਕੰਦ ਛੰਦ॥ ਕਟੇ ਵਛੇ ਵਛੀਆਂ ਮਗਰ ਟਾਲਕੇ। ਤੁਰ ਗਿਆ ਰਾਂਝਣਾਂ ਮਗਰ ਮਾਲਕੇ। ਜਿਸ ਵੇਲੇ ਬੇਲੇ ਵਿਚ ਪੌਚਾ ਜਾਇਜੀ। ਆਦਮੀ ਨ ਦੂਸਰਾ ਨਜਰ ਆਇ ਜੀ। ਰਾਤ ਸੀ ਅੰਨੇਰੀ ਪੈਹਰ ਦੇ ਤੜਕੇ। ਸ਼ੀਂਹ ਸੱਪ ਰੋਹੀ ਮੈਂ ਬਹੁਤ ਬੜਕੇ। ਪਹੁੰਚੀ ਹੀਰ ਏਧਰੋਂ ਭੱਤਾ ਲੈ ਜਾਇਜੀ। ਆਦਮੀ ਨਾ ਦੂਸਰਾ ਨਜਰਆਇਜੀ। ਰੋਹੀ ਵਿਚ ਟੋਲਿਆ ਰਾਂਝਣਾਂ ਜਾਇਕੇ। ਬੈਠਗੀਹੈ ਹੀਰ ਸ਼ੁਕਰ ਮਨਾਇਕੇ। ਚੜ੍ਹਗੀਖੁਸ਼ੀਹੈ ਚਿੱਤੋਂ ਗਏਨਾਇਜੀ।ਆਦਮੀ ਨਾ ਦੂਸਰਾ ਨਜਰਆਇਜੀ। ਮਿਠਾਜਿਹਾਬੋਲਆਖਦੀਹੈ ਮਿਤ ਨੂੰ। ਖਾਲੈ ਚੂਰੀ ਮੋਟਿਆਂ ਲਗਾਕੇ ਚਿਤ ਨੂੰ। ਕੋਲੇ ਹੀਰ ਨਢੀ ਨੇ ਲਿਆ ਬਿਠਾਇਜੀ। ਆਦਮੀ ਨ ਦੂਸਰਾ ਨਜਰ ਆਇਜੀ। ਚੂਰੀ ਖਾਕੇ ਦੋਨੋਂ ਕਰਦੇ ਪਿਆਰ ਜੋ। ਫੇਰ ਰਾਂਝਾ ਹੀਰ ਨੂੰ ਕਹੇ ਉਚਾਰ ਜੋ। ਕਿਸੇ ਕੋਲ ਬਾਤ ਨ ਦਸੀਂ ਤੂੰ ਜਾਇਜੀ। ਆਦਮੀ ਨ ਦੂਸਰਾ ਨਜਰਆਇ ਜੀ। ਆਵਣਗੇ ਪੀਰ ਨਾ ਜਰਾ ਤੈਂ ਡਰਨਾ। ਸਗੋਂ ਹੀਰੇ ਪੀਰਾਂ ਦਾ ਅਦਬ ਕਰਨਾ। ਚੇਤੇ ਕੀਤੇ ਪੀਰ ਝਟ ਪਹੁੰਚੇ

ਆਇਜੀ। ਆਦਮੀ ਨ ਦੂਸਰਾ ਨਜਰਆਇਜੀ। ਪੀਰਾਂ ਨੂੰ ਬਿਠਾਯਾ ਕਪੜਾ ਬਿਛਾਇਕੇ। ਪੀਰਾਂ ਨੂੰ ਸੁਣਾਵੇ ਬੰਸਰੀ ਬਜਾਇਕੇ। ਕਰਲੈ ਮੋਹਤ ਬੰਸਰੀ ਬਜਾਇਜੀ। ਆਦਮੀ ਨਾ ਦੂਸਰਾ ਨਜਰ ਆਇਜੀ। ਰਾਂਝੇ ਤਾਂਈ ਫੇਰ ਆਖਦੇ ਹੈਂ ਪੀਰ ਜੋ। ਪੜਲੈਂ ਨਕਾਹ ਨਾਲ ਤਦਬੀਰਜੋ। ਕਰਨਾ ਨਕਾਹ ਕਰਕੇ ਸਲਾਹਿਜੀ। ਆਦਮੀ ਨ ਦੂਸਰਾ ਨਜਰ ਆਇਜੀ। ਪੀਰ ਝਟ ਫੇਰ ਤਾਂ ਅਲੋਪ ਹੋਗਏ। ਹੀਰ ਰਾਂਝੇ ਵਾਲਾ ਮਨਕਾ ਪਰੋ ਗਏ। ਕਿਸ਼ੋਰ ਚੰਦਾ ਹੀਰ ਪਹੁੰਚੀ ਘਰਜਾਇਜੀ। ਆਦਮੀ ਨ ਦੂਸਰਾ ਨਜਰ ਆਇਜੀ॥ ਮੁਕੰਦ ਛੰਦ॥ ਹੀਰਨਢੀ ਭੱਤੇ ਨੂੰ ਲਿ-ਜਾਵੇ ਨਿੱਤਜੀ। ਦੇਖੇ ਬਾਝੋਂ ਲਗਦਾ ਘੜੀ ਨ ਚਿਤ ਜੀ। ਕੈਦੋ ਲੰਙਾ ਚਾਚਾ ਹੀਰ ਦਾ ਸਦਾਮਦਾ। ਲੰਙੇ ਕੋਲੋਂ ਹਾਲ ਦੇਖਿਆ ਨ ਜਾਮਦਾ। ਗਲੀ ਗਲੀ ਝੰਗ ਮੈਂ ਹੈ ਸ਼ੋਰ ਪੈਗਿਆ। ਹੀਰ ਦਾ ਨਚੋੜ ਰਸ ਮਾਹੀ ਲੈਗਿਆ। ਕੈਦੋ ਲੰਗਾ ਮਲਕੀ ਨੂੰ ਸਮਝਾਮਦਾ। ਡੂਡੇ ਕੋਲੋਂ ਹਾਲ ਦੇਖਿਆ ਨ ਜਾਮਦਾ। ਮਾਹੀ ਨਾਲ ਹੀਰ ਕਰਦੀ ਖਰਾ-ਬੀਆਂ। ਪੀਂਦੇ ਨੇ ਸ਼ਰਾਬਾਂ ਭਰਕੇ ਰਕਾਬੀਆਂ। ਇਤਨੇ ਨੂੰ ਬਾਰੋਂ ਹੈ ਪਠਾਣ ਆਮਦਾ। ਡੂਡੇਕੋਲੋਂ ਹਾਲ ਦੇਖਿਆ ਨ ਜਾਮਦਾ। ਜਿਸ ਵੇਲੇ ਸੁਣ ਲੀ ਪਠਾਣ ਗਲ ਜੋ। ਤੇਰੀ ਹੁਣੇ ਡੂਡਿਆ ਉਡਾਵਾਂ ਖੱਲ ਜੋ। ਝੂਠੇ ਤੂੰ ਅਜੂਨੇ ਓਹੋ ਧੀਆਂ ਨੂੰ ਲਾਮਦਾ। ਡੂਡੇ ਕੋਲੋਂ ਹਾਲ ਦੇਖਿਆ ਨਾ

ਜਾਮਦਾ। ਮਲਕੀ ਪਠਾਣ ਨੇ ਕਿਹਾ ਜੋ ਤਾੜ ਕੇ। ਆ ਗਿਆ ਬਿਚਾਰਾ ਪਿਠ ਤਾਂਈ ਝਾੜਕੇ। ਝਾੜਦਾ ਹੀ ਪਿੱਠ ਨੂੰ ਬਾਹਰ ਆਮਦਾ। ਤੂੜੇ ਕੋਲੋਂ ਹਾਲ ਦੇਖਿਆ ਨਾ ਜਾਮਦਾ। ਜੇ ਮੈਂ ਐਸੀ ਗਲਦਾ ਸਬੂਤ ਕਰਦਿਆਂ। ਚੂਰੀ ਮੈਂ ਲਿਆਇਕੇ ਤੇ ਮੂਰੇ ਧਰ ਦਿਆਂ। ਕਿਸ਼ੋਰਹੰਦਾ ਤਾਂਈ ਜਗ ਮੈਂ ਕਹਾਮਦਾ। ਤੂੜੇ ਕੋਲੋਂ ਹਾਲ ਦੇਖਿਆ ਨ ਜਾਮਦਾ॥ ਕੋਰੜਾ ਛੰਦ॥ ਇਕ ਰੋਜ ਚੂਰੀ ਹੀਰ ਨੇ ਬਨਾ ਲਈ। ਵੇਲ੍ਹਾ ਦੇਖ ਵੇਲਾ ਸਿਰ ਤੇ ਉਠਾ ਲਈ। ਤੁਰ ਗਈ ਹੀਰ ਹੈ ਖੁਦਾ ਮਨਾਇਕੇ। ਕੈਦੋ ਭੀ ਗਿਆ ਹੈ ਛੇਤੀ ਨਾਲ ਧਾਇਕੇ। ਮੂਰੇ ਜਾਵੇ ਹੀਰ ਪਿਛੇ ਲੰਙਾ ਜਾਮਦਾ। ਦੇਖ ਰਬ ਸਚਾ ਬਿਧ ਕੀ ਬਨਾਮਦਾ। ਨਦੀ ਦੇ ਕਨਾਰੇ ਚੂਰੀ ਧਰੀ ਜਾਇਕੇ। ਕੈਦੋ ਭੀ ਗਿਆ ਹੈ ਛੇਤੀ ਨਾਲ ਧਾਇਕੇ। ਹੀਰਤਾਈਂ ਨ੍ਹੌਣਦਾ ਖਿਆਲ ਪੈਗਿਆ। ਚੂਰੀ ਚਕ ਪਿਛੋਂ ਕੈਦੋਲੰਗਾ ਲੈਗਿਆ। ਹੀਰ ਜਦਹਟੀ ਤਨ ਚੀਰ ਪਾਇਕੇ। ਕੈਦੋ ਭੀ ਗਿਆ ਹੈ ਛੇਤੀ ਨਾਲ ਧਾਇਕੇ। ਫੇਰ ਉਠ ਚੂਰੀ ਨੂੰ ਤੁਰਤ ਟੋਲਦੀ। ਲਭੀ ਜਦ ਚੂਰੀ ਨਾ ਜਰਾ ਬੀ ਬੋਲਦੀ। ਦੇਖਦੀ ਚੁਫੇਰੇ ਹੈ ਗੁਸੇ ਕੋ ਖਾਇਕੇ। ਕੈਦੋ ਬੀ ਗਿਆ ਹੈ ਛੇਤੀ ਨਾਲ ਧਾਇਕੇ। ਪੈਰ ਵਲ ਦੇਖ ਕੈਂਦੀ ਕੈਦੋ ਲੈਗਿਆ। ਅਜ ਬੇੜਾ ਓਸਦਾ ਜਰੂਰ ਬੈਗਿਆ। ਦੌੜ ਚਲੀ ਪਿਛੇ ਸਾਰਾ ਜੋਰ ਲਾਇਕੇ। ਕੈਦੋਬੀ ਗਿਆਹੈ ਛੇਤੀਨਾਲ ਧਾਇਕੇ।

ਜਾਂਕੇ ਹੀਰ ਨਢੀ ਨੇ ਚਾਚੇ ਨੂੰ ਘੇਰਿਆ। ਚੂਰੀਦੇਸ਼ਿਤਾਬ ਵੇ ਤੂੰ ਚਾਚਾ ਮੇਰਿਆ। ਮੰਗਦੀ ਮੈਂ ਚੂਰੀ ਗਲ ਪਲੂ ਪਾਇਕੇ। ਕੈਦੋ ਬੀ ਗਿਆ ਹੈ ਛੇਤੀ ਨਾਲ ਧਾਇਕੇ। ਹਾੜੇ ਚਾਚਾ ਮੇਰਿਆ ਤੂੰ ਰਖ ਲਾਜ ਨੂੰ। ਆਸ਼ਕਾਂ ਦੇ ਖੋਲੀਏ ਕਦੇ ਨ ਪਾਜ ਨੂੰ। ਕਿਸ਼ੋਰ ਚੰਦਾ ਕਹਾਂ ਮੈਂ ਸ਼ਰਨ ਆਇਕੇ। ਕੈਦੋ ਭੀ ਗਿਆ ਹੈ ਛੇਤੀ ਨਾਲ ਧਾਇਕੇ॥

ਮੁਕੰਦ ਛੰਦ॥ ਕੈਦੋ ਕੈਂਦਾ ਝਾੜੀ ਓਹਲੇ ਜਾਕੇ ਟੋਲਤੂੰ। ਐਵੇਂ ਨਹੀਂ ਝੂਠ ਤੇ ਤੂਫਾਨ ਬੋਲਤੂੰ। ਸਾਡੇ ਧੀਏ ਪਾਮਦੀ ਹੈਂ ਦਾੜ੍ਹੀ ਵਲ ਨੀ। ਝਾੜ ਛੱਛਰ ਦੇ ਓਹਲੇ ਗਈ ਭੁਲ ਨੀ। ਹੀਰ ਕੈਂਦੀ ਚਾਚਾ ਤੈਨੂੰ ਚੂਰੀ ਲਜਦੀ। ਜਦੋਂ ਮਾਰੇ ਮੁਕੀ ਘਣ ਵਾਂਗੂੰ ਬਜਦੀ। ਹੁਣ ਤਾਂਈ ਰਹੀ ਸੀ ਸ਼ਰਮ ਵਿਚ ਵੇ। ਕੀਤਾ ਮੈਨੂੰ ਡੁਡਿਆ ਬਹੁਤ ਜਿਚਵੇ। ਹੁਣੀਜੇ ਤੂੰ ਚਾਹੇਂ ਤਾਂ ਫੜਾਦੇ ਚੂਰੀਵੇ। ਤੈਤੋਂ ਪੈਣੀ ਡੁਡਿਆ ਕਦੇ ਨਾ ਪੂਰੀ ਵੇ। ਡੁਡੇ ਦੇ ਉਦਾਲੇ ਸ਼ੇਰ ਵਾਂਗੂ ਗਜਦੀ। ਜਦੋਂ ਮਾਰੇ ਮੁਕੀ ਘਣ ਵਾਂਗੂੰ ਬਜਦੀ। ਡੁਡੇ ਨੇ ਦਿਤੀ ਨਾ ਜਦੋਂ ਚੂਰੀ ਮੋੜਕੇ। ਮਾਰਦੀ ਹੈ ਅੱਡੀ ਛਾਤੀ ਵਿਚ ਜੋੜ ਕੇ। ਮੋੜ ਦਿਤੀ ਚੂਰੀ ਹਾਰਕੇ ਤੇ ਹੀਰ ਨੂੰ। ਜਦੋਂ ਹੋਸ਼ ਰਹੀ ਨਾ ਜਰਾ ਸਰੀਰ ਨੂੰ। ਕੁਟ ਕੁਟ ਹੀਰ ਜੇ ਅਜੇ ਨਾ ਰਜਦੀ। ਜਦੋਂ ਮਾਰੇ ਮੁਕੀ ਘਣ ਵਾਂਗੂੰ ਵਜਦੀ। ਭੰਨਤਾ ਸਰੀਰ ਮਾਰ ਮਾਰ ਅੱਡੀਆਂ। ਭੰਨ ਚੂਰ ਕੀਤੀਆਂ ਤਮਾਮ ਹੱਡੀਆਂ। ਬਕਰਾ ਕਸਾਈ ਦੇ ਅਜ਼ਿੱਕ ਆਗਿਆ। ਜਾਣੀ

ਸ਼ੇਰ ਲੋਲੀਨੂੰ ਹੁਟੇਹੀ ਖਾਗਿਆ।ਕਿਸ਼ੋਰਚੰਦਾ ਚੂਰੀ ਲੈਕੇ ਹੀਰ ਭਜਦੀ। ਜਦੋਂ ਮਾਰੇ ਮੁਕੀ ਘਣ ਵਾਂਗੂ ਬਜਦੀ॥ ਦੋਹਰਾ॥ ਹੀਰ ਜੋ ਹੋਰੀ ਖੇਲਕੇ ਗਈ ਯਾਰਦੇ ਕੋਲ। ਦਸਦੀ ਜਾਏ ਹਵਾਲ ਨੂੰ ਨਾਲ ਸ਼ੌਂਕ ਦੇ ਖੋਲ॥ ਦੋਹਰਾ॥ ਖਾਣਾ ਕੁਲ ਖਵਾਇਕੇ ਘਰਮੇਂ ਪਹੁੰਚੀ ਆਇ। ਸਹੀਯਾਂ ਨੂੰ ਸੰਗ ਜੋੜਕੇ ਕਰਦੀ ਇਕ ਸਲਾਹ॥ ਕੋਰੜਾ ਛੰਦ॥ ਸਹੀਯਾਂ ਕਰਕੱਠੀਆਂਹਵਾਲ ਦਸਦੀ। ਮਿੰਨੀ ਮਿੰਨੀ ਮਿੰਨੀ ਸ਼ੌਂਕ ਨਾਲ ਹਸਦੀ। ਕੰਨ ਲਾਕੇ ਸੁਣੋ ਭੈਣੋ ਮੇਰੀ ਗਲ ਨੂੰ। ਫੂਕ ਦਈਏ ਝੋਂਪੜੀ ਨ ਲਾਓ ਪਲ ਨੂੰ। ਸੁਣਕੇ ਤੇ ਗਲ ਤੁਰ ਪਈਆਂ ਹੀਰ ਦੀ। ਫੂਕੋ ਚਲ ਝੋਂਪੜੀ ਕੈਦੋ ਫਕੀਰ ਦੀ। ਮੰਡਲੀ ਸ਼ਤਾਨਾਂ ਦੀ ਤੁਰਤ ਆਮਦੀ। ਜਾ ਕੇ ਹੀਰ ਤੀਲੀ ਕੁਲੀ ਨੂੰ ਲਗਾਮਦੀ। ਕੁਲੀ ਫੂਕ ਕੈਦੋ ਦੀ ਤੁਰਤ ਆਗੀਆਂ। ਕੈਦੋ ਦੀ ਅਲੱਖ ਨਫੀਆਂ ਮੁਕਾ ਗੀਆਂ। ਭੋਰੇ ਚੋਰੇ ਚੂਰੀ ਦੇ ਕੈਦੋ ਹੈ ਮੇਲਕੇ। ਆਮਦਾਹੈ ਲੰਗੜਾ ਸਮਾਨ ਰੇਲਕੇ। ਪੈਲਾਂ ਆਵੇ ਲੰਗੜਾ ਕੁਲੀਨੂੰ ਦੋੜ ਜੀ। ਆਮਦੇ ਡੂਡੇ ਨੇ ਡੁਗਾ ਹੋਯਾ ਚੋੜ ਜੀ। ਪਿਟ ਦਾ ਦੋਹਬੜੀ ਧਾਹਾਂ ਨੇ ਮਾਰਕ। ਚੂਚਕੇ ਦੇ ਮੂਹਰੇ ਖੜਾ ਆਣ ਬਾਰਕੇ। ਚੂਚਕੇ ਦੇ ਡੂਡਾ ਆਗਿਆ ਹੈ ਸਾਮਣੇ। ਭੋਰੇ ਚੇਰੇ ਚੂਰੀ ਦ ਲਗਾ ਦਿਖਾਮਣੇ। ਨਾਲੇ ਫੂਕੀ ਕੁਲੀ ਨਾਲੇ ਮੈਨੂੰ ਕੁਟਿਆ। ਬਿਨਾਂ ਦੀਵੇ ਤੇਰੀ ਧੀ ਨੇ ਮੈਨੂੰ ਲੁਟਿਆ। ਚੂਰੀਆਂ ਖੁਲਾਵੇ ਮਾਹੀ ਨੂੰ ਲਿਜਾਇਕੇ। ਇਜ਼ਤ

ਜਾਊਗੀ ਖਾਕ ਮੇਂ ਰੁਲਾਇਕੇ। ਦੇਖਲੈ ਤੂੰ ਚੂਰੀ ਜੇ ਮੈਂ ਝੂਠ ਬੋਲਦਾ। ਰੋਵੇ ਜ਼ਾਰੋ ਜ਼ਾਰ ਅਖੋਂ ਨੀਰ ਡੋਲਦਾ। ਹੀਰ ਕਰੇ ਗਾਲ ਜੋ ਤਮਾਮ ਹਲਕੀ। ਦੁਖੇ ਮੇਰੀ ਚੂਹੀਜੇ ਤਮਾਮ ਕਲਕੀ। ਸੁਣ ਗਲ ਚੂਚਕ ਗਿਆ ਹੈ ਧਾਇਕੇ। ਮਲਕੀ ਨੂੰ ਆਖਦਾ ਸ਼ਿਤਾਬ ਜਾਇਕੇ। ਕਰਦੀ ਅਨੋਖੀ ਹੀਰ ਪੁਠੇ ਕੰਮ ਨੂੰ। ਹੋਵੇ ਕਿਤੇ ਪੁਤ ਤਾਂ ਉਡਾਵਾਂ ਚੰਮ ਨੂੰ। ਕਿਸ਼ੋਰਚੰਦਾ ਹੀਰਦਾ ਨਕਾਹ ਕੀਜੀਏ। ਅਜ ਪਾਲੀ ਰਾਂਝੇ ਨੂੰ ਜਵਾਬ ਦੀਜੀਏ ॥

ਇਤਨੀ ਗਲ ਸੁਣਕਰ ਹੀਰ ਦੀ ਮਾਂ ਮਲਕੀ ਨੇ ਹੀਰ ਨੂੰ ਪਾਸ ਬੁਲਾਕਰ ਮਤ ਦੇਣੀ ॥

ਸਵਾਲ ਵਾ ਜਵਾਬ ਮਾਂ ਧੀ ਕੇ ਲਿਖ੍ਯਤੇ

ਅਥ ਬਾਰਾਂ ਮਾਂਹ

ਕੋਰੜਾ ਛੰਦ ॥ ਚੇਤ ਚਿੱਤੋਂ ਹਰਖਾਂ ਦੇ ਨਾਲ ਭਰਗੀ। ਕਿਥੋਂ ਅਜ ਕਿਸਮਤ ਸਾਡੀ ਹਰਗੀ। ਤੈਨੂੰ ਹੀਰੇ ਨੱਢੀਏ ਜਰਾ ਨਾ ਲਜਨੀ। ਧੀਏ ਨਿਜ ਹੋਣੀਏਂ ਕੀ ਕਰੇਂ ਚੱਜਨੀ। ਬਸਾਖ ਬਸ ਕਾਨੂੰ ਲਾਲੀਆਂ ਤੂੰ ਤਾੜਦੀ। ਐਵੇਂ ਮਾਏ ਕੀੜੀ ਤੇ ਕਟਕ ਚਾੜ੍ਹਦੀ। ਦਸਦੇ ਤੂੰ ਮੈਥੋਂ ਕੀਹੋਯਾ ਕਸੂਰ ਨੀ। ਛੇਤੀ ਮਾਏ ਦਸਦੇ ਮੈਨੂੰ ਜਰੂਰ ਨੀ॥ ਜੇਠ ਜਗੋਂ ਜਾਵੇਂ ਕੀ ਚਲਾਕੀ ਕਰਦੀ। ਸੁਣਕੇ ਤੇ ਗਲ ਮੁਖ ਫਿਰੀ ਜਰਦੀ। ਜਦੋਂ ਦੀ ਸੁਣੀ ਨਾ ਖਾਦਾ ਅੰਨ ਰਜਨੀ। ਧੀਏ ਨਿਜ ਹੋਣੀਏਂ ਕਰੇਂ ਕੀ ਚੱਜ ਨੀ॥ ਹਾੜ ਹਰਖ ਨਾਲ ਕਾਨੂੰ

ਹੋਈ ਲਾਲਨੀ। ਬੋਲਿਆ ਨਾ ਮੰਦਾ ਨਾ ਮੈਂ ਕਢੀ ਗਾਲ ਨੀ। ਕੇੜ੍ਹੀ ਗਲੋਂ ਘੂਰੇਂ ਹੋਯਾ ਕੀ ਕਸੂਰ ਨੀ। ਛੇਤੀ ਮਾਏ ਮੈਨੂੰ ਦਸਦੇ ਜਰੂਰ ਨੀ॥ ਸੌਣ ਸੁਣ ਬਚੀਏ ਕਰੇਂ ਕੀ ਖੇਲਨੀ। ਚਾਕਾਂ ਨਾਲ ਦਸ ਕੀ ਧੀਆਂ ਦਾ ਮੇਲਨੀ। ਖਾਕ ਵਾਲਾ ਪੌਨੀ ਹੈਂ ਤੂੰ ਸਿਰ ਛਜ ਨੀ। ਧੀਏ ਨਿਜ ਹੋਣੀਏ ਕਰੇਂ ਕੀ ਚਜਨੀ॥ ਭਾਦੋਂ ਭਾਈਆਂ ਪਿਟੀ ਕਿਨੇ ਆਣ ਦਸਿਆ। ਤੈਨੂੰ ਕਿਨੇ ਆਣਕੇ ਮੁਫਤ ਹਸਿਆ। ਅੰਦਰ ਤਪਾਯਾ ਕਾਸਨੂੰ ਤੰਦੂਰ ਨੀ। ਛੇਤੀ ਮਾਏ ਮੈਨੂੰ ਦਸਦੇ ਜਰੂਰ ਨੀ॥ ਅੱਸੂ ਐੜੀ ਜਾਵੇਂ ਨਢੀਏ ਗਰਕ ਨੀ। ਦਸਦੀ ਨਾ ਸਚ ਚਿਤ ਮੇਂ ਫਰਕ ਨੀ। ਤੇਰਾ ਬਾਪ ਮੈਨੂੰ ਦਸਗਿਆਅਜਨੀ। ਧੀਏ ਨਿਜਹੋਣੀਏ ਕਰੇਂਕੀ ਚੱਜ ਨੀ॥ ਕੱਤੇਂ ਕਹਾਂ ਸਚ ਨਹੀਂ ਝੂਠ ਦੱਸਦੀ। ਕਾਨੂੰ ਤਿਖੇ ਤੀਰ ਨੇਤਰਾਂ ਦੇ ਕੱਸਦੀ। ਆਖੀਏ ਕਦੇ ਨਾ ਹੋਵੇ ਅਖੋਂ ਦੂਰ ਨੀ। ਛੇਤੀ ਮਾਏ ਮੈਨੂੰ ਦਸਦੇ ਜਰੂਰ ਨੀ॥ ਮਘਰ ਮਚਾਈ ਝੌਂਪੜੀ ਫਕੀਰ ਦੀ। ਮਾਰ ਕਢੀ ਮਿੰਜ ਕੈਦੋ ਦੇ ਸਰੀਰ ਦੀ। ਮਾਰ ਕੈਦੋ ਲੰਗੇ ਨੂੰ ਗਈ ਤੂੰ ਭਜਨੀ। ਧੀਏ ਨਿਜ ਹੋਣੀਏ ਕਰੇਂ ਕੀ ਚਜ ਨੀ॥ ਪੋਹ ਪਤੀਜਾਣ। ਮੇਰਾ ਮਾਹੀ ਭੌਰ ਨੀ। ਉਸਤੇ ਬਗੈਰ ਦਰਦੀ ਨ ਹੋਰਨੀ। ਮੇਰੇ ਚਿਤ ਬਸਦਾ ਰਾਂਝ ਦਾ ਨੂਰ ਨੀ। ਛੇਤੀ ਮਾਏ ਮੈਨੂੰ ਦਨਦੇ ਜਰੂਰ ਨੀ॥ ਮਾਘ ਮਰ ਜਾਣੀਏ ਹੋਈ ਤੂੰ ਸਾਮਨੇ ਬਾਪ ਦੀ ਦਾੜ੍ਹੀਚ ਲਗੀ ਢੂਲ ਪਾਮਨੇ। ਚੂਕੇਂ ਅਸਮਾਨ

ਬਾਲ੍ਹਾ ਗਜ ਗਜ ਨੀ । ਧੀਏ ਨਿਜ ਹੋਣੀਏ ਕਰੇਂ ਕੀ ਚੱਜਨੀ॥ ਫਗਣ ਜੇ ਵੇਰਾਂ ਮੁਖਰਾਂਝੇ ਬੰਨੀਓਂ। ਤੁਸੀਂ ਮੇਰੀ ਬਾਤ ਦਾ ਯਕੀਨ ਮੰਨੀਓਂ । ਮਾਹੀ ਇੰਦ ਰਾਜਾ ਮੈਂ ਉਸੇ ਦੀ ਹੂਰਨੀ । ਛੇਤੀ ਮਾਏ ਮੈਨੂੰ ਦਸਦੇ ਜਰੂਰ ਨੀ ॥ ਲੌਂਦ ਲੱਗੀ ਸਾਮਣੇ ਜਾਂ ਸਿਧੀ ਹੋਇਕੇ। ਉਠ ਖੜੀ ਧੀ ਦੇ ਕੋਲੋਂ ਮਾਈ ਰੋਇਕੇ। ਕਿਸ਼ੋਰ ਚੰਦਾ ਲੱਜ ਨੂੰ ਦਿਤਾਈ ਤਜਨੀ। ਧੀਏ ਨਿਜ ਹੋਣੀਏ ਕਰੇਂ ਕੀ ਚੱਜ ਨੀ ॥

ਦੋਹਰਾ ॥ ਮਲਕੀ ਗੁਸੇ ਹੋਇਕੇ ਗਈ ਚੂਚਕਦੇਪਾਸ। ਸਾਰਾ ਹਾਲ ਸੁਣਾਇਕੇ ਹੋਕੇ ਖੜੀ ਉਦਾਸ ॥

ਦੋਹਰਾ ॥ ਸੁਨਕਰ ਚੂਚਕ ਏਤਨੀ ਹੋਯਾ ਬਹੁਤ ਹਰਾਨ। ਮਲਕੀ ਮੋੜੀ ਘਰਾਂਨੂੰ ਅਗਲਾ ਸੁਣੋ ਬਿਆਨ॥

ਮੁਕੰਦ ਛੰਦ ॥ ਰਾਂਝਾ ਜਦੋਂ ਆਯਾ ਮਝੀਆਂ ਨੂੰ ਚਾਰਕੇ । ਚੂਚਕ ਖੜਾ ਹੈ ਅਗੇ ਵਿਚ ਬਾਰਕੇ। ਰਾਂਝੇ ਤਾਂਈ ਖੜਾ ਚੂਚਕ ਉਚਾਰਦਾ। ਮੱਝੀਆਂ ਨੂੰ ਚਾਰੇਂ ਯਾ ਧੀਆਂ ਨੂੰ ਚਾਰਦਾ। ਕੀਤਾ ਸਾਡਾ ਲੂਣ ਖਾਇਕੇ ਹਰਾਮ ਓਇ। ਨਿਕਲ ਪਰੇ ਤੂੰ ਕਰੀਏ ਸਲਾਮ ਓਇ । ਮਨ ਵਿਚ ਕੁਛ ਕਾਫਰਾ ਬਿਚਾਰਦਾ। ਮੱਝੀਆਂ ਨੂੰ ਚਾਰੇਂ ਯਾ ਧੀਆਂ ਨੂੰ ਚਾਰਦਾ। ਤੇਰੇ ਕੋਲੋਂ ਰਾਂਝਿਆ ਬਹੁਤ ਧਾਏ ਹੈਂ। ਤੈਂ ਤਾਂ ਬੜੇ ਉਚੇ ਪਾਏ ਨੂੰ ਪੁਚਾਏ ਹੈਂ। ਲਾਗੂ ਨਾ ਕਦੇ ਮੈਂ ਠਗ ਚੋਰ ਯਾਰਦਾ । ਮਝੀਆਂ ਨੂੰ ਚਾਰੇਂ ਯਾਂ ਧੀਆਂ ਨੂੰ ਚਾਰਦਾ । ਦਿਤਾ ਹੈ ਜਵਾਬ ਰਾਂਝਣੇ ਕੰਗਾਲ਼

ਨੂੰ। ਉਸ ਵੇਲੇ ਨਹੀਂ ਸੁਣਿਆ ਸਵਾਲ ਨੂੰ। ਕਿਸ਼ੋਰਚੰਦਾ ਚੂਚਕ ਮੁਖੋਂ ਉਚਾਰਦਾ। ਮੱਝੀਆਂ ਨੂੰ ਚਾਰੇਂ ਧਾ ਧੀਆਂ ਨੂੰ ਚਾਰਦਾ॥ ਮੁਕੰਦ ਛੰਦ॥ ਝਟ ਪਟ ਦਿਤਾ ਮਾਹੀ ਨੂੰ ਜਵਾਬ ਜੋ। ਕੀਤਾ ਮਜਦੂਰੀ ਦਾ ਨਹੀਂ ਹਸਾਬ ਜੋ। ਦਿਤਾ ਹੈ ਜਵਾਬ ਜੋ ਤੁਰਤ ਮਾਹੀ ਨੂੰ। ਤੋਰ ਦਈਏ ਜਿਵੇਂ ਬੇ ਸਿਆਨ ਰਾਹੀ ਨੂੰ। ਹੌਲੀ ਹੌਲੀ ਰਾਂਝਣਾ ਮਸੀਤ ਆਮਦਾ। ਕਾਜ਼ੀ ਪਾਸ ਆਣ ਆਸਣ ਲਗਾਮਦਾ। ਏਧਰ ਜਾਂ ਹੀਰ ਨੇ ਹਵਾਲ ਸੁਣਿਆ। ਉਸੇ ਵੇਲੇ ਕਾਲ ਜਾ ਗਿਆ ਜੇ ਪੁਣਿਆ। ਜਿਸ ਵੇਲੇ ਗਲ ਕੰਨ ਵਿਚ ਪੈ ਗਈ। ਉਸੇ ਵੇਲੇ ਮਾਪਿਆਂ ਨੂੰ ਰੋਣ ਡੈ ਗਈ। ਦਿਤੀ ਮਜਦੂਰੀ ਮਾਏ ਕੇੜੀ ਓਸ ਨੂੰ। ਤੋਰ ਦਿਤਾ ਘਰੋਂ ਰਾਂਝਣੇ ਬੇਦੋਸ ਨੂੰ। ਬਾਰਾਂ ਵਰੇ ਮੱਝੀਆਂ ਮੁਫਤ ਚਾਰੀਆਂ। ਅਜ ਓਸ ਨਾਲ ਕੀਤੀਆਂ ਖੁਵਾਰੀਆਂ। ਰੋਂਦੀ ਜ਼ਾਰੋ ਜ਼ਾਰ ਅਖੋਂ ਡੋਲ ਨੀਰ ਜੋ। ਆਵੇ ਨਾ ਸਬਰ ਮਾਹੀ ਬਾਝ ਹੀਰ ਜੋ। ਉਠ ਕੇ ਸਹੇਲੀਆਂ ਦੇ ਗਈ ਕੋਲ ਜੀ। ਬੀਤਿਆ ਹਵਾਲ ਦਸਦੀ ਫਰੋਲ ਜੀ। ਚੂਚਕ ਨੇ ਏਧਰ ਸਲਾਹ ਕਰ ਲਈ। ਹੀਰ ਦੇ ਨਕਾਹ ਦੀ ਦਲੀਲ ਧਰ ਲਈ। ਸਦ ਚਾਰ ਭਾਈਆਂ ਨੂੰ ਮਤਾ ਮਤਾ ਲਿਆ। ਓਸੇ ਵੇਲੇ ਝਟ ਨਾਈ ਨੂੰ ਬੁਲਾ ਲਿਆ। ਰੰਗਪੁਰ ਖੇੜਿਆਂ ਨੂੰ ਜਾ ਸ਼ਤਾਬ ਤੂੰ। ਝਟ ਪਟ ਦੇਵੀਂ ਆਣ ਕੇ ਜਵਾਬ ਤੂੰ। ਸਾਡੀ ਵਲੋਂ ਅੱਜੂ ਨੂੰ ਕਹੀਂ ਸਲਾਮ ਜੋ। ਫੇਰ ਪਿਛੋਂ ਹਾਲ ਦਸਣਾ

ਤਮਾਮ ਜੇ। ਜੰਨ ਜੁਮੇਰਾਤ ਨੂੰ ਲਿਆਵੀਂ ਜੋੜਕੇ। ਹੋਰ ਅਗੋਂ ਦੇਵੀਂ ਨ ਜਵਾਬ ਮੋੜਕੇ। ਤੁਰਗਿਆ ਨਾਈ ਰੰਗਪੁਰ ਖੇੜੇ ਨੂੰ। ਹੋਰ ਹੁਣ ਛਡਦੇ ਤਮਾਮ ਝੇੜੇ ਨੂੰ। ਪੁਛਲੀਂ ਹਵੇਲੀ ਜਾ ਅਜੂ ਦੇ ਨਾਮ ਦੀ। ਪੈਲਾਂ ਰੀਤ ਮੋਮਨ ਕਰੇ ਸਲਾਮ ਦੀ। ਹਾਲ ਜਿਸਵੇਲੇ ਖੋਲਕੇ ਸੁਨਾਮਦਾ। ਖੁਸ਼ੀ ਆਂਚ ਕੋੜਮਾਂ ਨਹੀਂ ਸਮਾਂਵਦਾ। ਜਿਸ ਦਿਨ ਸੀਗਾ ਜੁਮੇਰਾਤ ਦਸਿਆ। ਅਜੂ ਖਿੜ ਖਿੜ ਖਿੜ ਖਿੜ ਹਸਿਆ। ਕੀਤਾ ਭਾਈਚਾਰੇਦਾ ਬੰਹਾਰ ਕੁਲਜੀ। ਅਜ ਅੱਜੂ ਚੌਧਰੀ ਦੇ ਕੌਣ ਤੁਲਜੀ। ਕਿਸ਼ੋਰ ਚੰਦਾ ਨਾਰਾਂ ਬੀ ਬਹੁਤ ਔਂਦੀਆਂ। ਦਿਲ ਆਏ ਗੀਤ ਪ੍ਰੀਤ ਨਾਲ ਗੌਂਦੀਆਂ॥

ਕੋਰੜਾ ਛੰਦ। ਕਰਕੇ ਸਗਨ ਦਿਨ ਤੀਜੇ ਤੋਰਦੇ। ਕਰਦਾ ਤਿਆਰੀ ਅਜੂ ਨਾਲ ਜੋਰ ਦੇ। ਝੰਗ ਵਿਚ ਆਣ ਨਾਈ ਪੈਰ ਧਰਿਆ। ਜਸ ਅਜੂ ਵਾਲਾ ਜਾਮਦਾ ਨਾ ਕਰਿਆ। ਨਾਈ ਆਯਾ ਘਰ ਚੂਦਕ ਦੇ ਸਾਮਣੇ। ਅਜੂ ਦੀਆਂ ਸਿਫਤਾਂ ਲਗਾ ਸੁਨਾਮਣੇ। ਲਕੜੀਨੂੰ ਲਗਜਾਣੀ ਲੋਹਾ ਤਰਿਆ। ਜਸ ਅਜੂ ਵਾਲਾ ਜਾਮਦਾ ਨਾ ਕਰਿਆ। ਕੁੜੀ ਮੌਜ ਲੁਟੂਗੀ ਬਹੁਤ ਜਾਇਕੇ। ਸਚ ਮੁਚ ਕਹਾਂ ਕਸਮ ਉਠਾਇਕੇ। ਭੁਲ ਭੁਲ ਜਾਊਗੀ ਰੁਪਿਆ ਧਰਿਆ। ਜਸ ਅਜੂ ਵਾਲਾ ਜਾਮਦਾ ਨਾ ਕਰਿਆ। ਅਜੂਘਰ ਗਾਈਆਂ ਮੱਝੀਆਂ ਲਵੇਰੀਆਂ। ਘੋੜੇ ਬੈਲ ਘੋੜੀਆਂ ਜੋ ਹੈਂ ਬਥੇਰੀਆਂ। ਕਿਸ਼ੋਰਚੰਦਾ ਸਾਰਾ ਹੀ ਤਵੇਲਾ ਭਰਿਆ

ਜਸ ਅਜੁ ਵਾਲਾ ਜਾਮਦਾ ਨਾ ਕਰਿਆ॥ ਕੋਰੜਾ ਛੰਦ॥
ਘਰ ਵਿਚ ਹੋਣ ਲਗੀਆਂ ਤਿਆਰੀਆਂ। ਕਪੜੇਦੇ ਨਾਲ
ਭਰੀਆਂ ਪਟਾਰੀਆਂ। ਸੈਦੇ ਵਾਲਾ ਕੁਛ ਆਵੇ ਨ ਸ਼ੁਮਾਰ
ਜੀ। ਕਿਥੇ ਤਕ ਕਹਾਂ ਮੁਖ ਤੇ ਉਚਾਰ ਜੀ। ਕਾਜੀਤਾਂਈ
ਸਦ ਮਲਕੀ ਸੁਨਾਮਦੀ। ਹੀਰ ਵਾਲਾ ਕੁਲ ਹਾਲ ਸਮ
ਝਾਮਦੀ। ਗਏ ਸਮਝੋਂਦੇ ਜੋ ਅਸੀਂ ਹਾਰਜੀ। ਕਿਦੇ ਤੁਕ
ਕਹਾਂ ਮੁਖ ਤੇ ਉਚਾਰ ਜੀ। ਰੁਸ ਗਈ ਹੀਰ ਹੈ ਅਸਾਡੇ
ਨਾਲ ਜੀ। ਜਦੋਂ ਦਾ ਗਿਆ ਹੈ ਘਰੋਂ ਮਹੀਂਵਾਲ ਜੀ।
ਅਸੀਂ ਹੋਏ ਨਢੀ ਤੋਂ ਬੜੇ ਲਚਾਰ ਜੀ। ਕਿਥੇ ਤਕਕਹਾਂ
ਮੁਖ ਤੇ ਉਚਾਰਜੀ। ਸੁਣਕੇ ਤੇ ਕਾਜੀਹੈ ਮਸੀਤ ਜਾਮਦਾ।
ਕੋਲ ਛੇਤੀ ਹੀਰ ਨਢੀ ਨੂੰ ਬੁਲਾਮਦਾ। ਸਦਕੇ ਤੇ ਕੋਲੇ
ਕਰਦਾ ਪੁਕਾਰ ਜੀ। ਕਿਥੇ ਤਕ ਕਹਾਂ ਮੁਖ ਤੇ ਉਚਾਰਜੀ।
ਵਾਸਤੇ ਖੁਦਾ ਦੇ ਸਾਡੇ ਆਖ ਲਗਨੀ। ਕਾਨੂੰ ਐਵੇਂ ਵੇਲ੍ਹਾ
ਤੂੰ ਹਸਾਵੇਂ ਜਗਨੀ। ਸੈਦਾ ਤੇਰਾਪਤੀ ਘਰੋਂ ਸਰਦਾਰਨੀ।
ਕਿਥੇ ਤਕ ਕਹਾਂ ਮੁਖ ਤੇ ਉਚਾਰ ਨੀ। ਨੌਕਰਾਂ ਦੇ ਪਿਛੇ
ਕਾਨੂੰ ਧਕੇ ਖਾਮਦੀ। ਬਾਪ ਦੀ ਕਿਉਂ ਚੋਧਰ ਨੂੰ ਦਾਗ
ਲਾਮਦੀ। ਕਿਸ਼ੋਰ ਚੰਦਾ ਕੁਛ ਮਨ ਮੈਂ ਬਿਚਾਰ ਜੀ।
ਕਿਥੇ ਤਕ ਕਹਾਂ ਮੁਖ ਤੇ ਉਚਾਰ ਜੀ॥ ਮੁਕੰਦ ਛੰਦ॥
ਹੀਰ ਕੈਂਦੀ ਗਲ ਮੇਰੀ ਸੁਣ ਕਾਜੀਆ। ਏਹ ਕੀ
ਮੈਨੂੰ ਆਖਿਆ ਜਬਾਨੋਂ ਪਾਜੀਆ। ਮਨ ਵਿਚ ਕੀਤੀ ਨਾ
ਜਰਾ ਬਿਚਾਰਵੇ। ਦੇਦੇ ਤੂੰ ਨਕਾਹ ਤੇਰੇ ਧੀਆਂ ਚਾਰ ਵੇ।

ਦੋ ਦੋ ਬਰ ਧੀਆਂ ਦੇ ਕਹਾਂ ਵੇ ਲਿਖਿਆ । ਕਿਥੋਂ ਝੂਠੇ ਮਸਲੇ ਕਰਨ ਸਿਖਿਆ । ਕੇੜਾ ਤੇਰਾ ਹਾਫਜ ਇਲਮ ਦਾਰਵੇ । ਦੇ ਦੇ ਤੂੰ ਨਕਾਹ ਤੇਰੇ ਧੀਆਂ ਚਾਰਵੇ । ਪੀਰਾਂਨੇ ਨਕਾਹ ਮੇਰਾ ਆਪ ਕਰਿਆ । ਰਾਂਝਾ ਮਹੀਂਵਾਲ ਮੇਰੇ ਸਿਰ ਧਰਿਆ । ਤੁਸੀਂ ਐਵੇਂ ਕਾਸਨੂੰ ਉੜਾਵੋ ਛਾਰਵੇ । ਦੇ ਦੇ ਤੂੰ ਨਕਾਹ ਤੇਰੇ ਧੀਆਂ ਚਾਰ ਵੇ । ਜੇ ਤੈਂ ਮੀਆਂ ਬਹਿ-ਸ਼ਤਾਂ ਦੇ ਬਿਚ ਬੜਨਾ । ਰਾਂਝਣੇਦੇ ਨਾਮ ਤੇ ਨਕਾਹਪੜ੍ਹਨਾ। ਆਲੈ ਹਥੀਂ ਤੈਨੂੰ ਮੈਂ ਫੜਾਮਾ ਹਾਰਵੇ । ਦੇਦੇ ਤੂੰ ਨਕਾਹ ਤੇਰੇ ਧੀਆਂ ਚਾਰਵੇ । ਕਿਸ਼ੋਰ ਚੰਦਾ ਹਾਰ ਕਾਜੀਨੂੰ ਫੜਾ ਗਈ । ਨਿਕਲ ਮਸੀਤ ਚੋਂ ਘਰਾਂ ਨੂੰ ਆਗਈ । ਔਂਦੀ ਕੈਂਦੀ ਬਾਤ ਨ ਦੇਵੀਂ ਵਸਾਰਵੇ । ਦੇਦੇ ਤੂੰ ਨਕਾਹ ਤੇਰੇ ਧੀਆਂ ਚਾਰ ਵੇ ॥ ਮਕੰਦ ਛੰਦ॥ ਏਸ ਇਕਰਾਰ ਹੀਰ ਗਈ ਮੰਨ ਜੋ । ਓਧਰੋਂ ਬੀ ਫੇਰ ਢੁਕੀ ਆਣ ਜੰਨ ਜੋ । ਫਿਰਨ ਬਰਾਤੀ ਮੌਜ ਨਾਲ ਖੰਗਦੇ । ਬਾਜੇ ਗਾਜੇ ਬਜਨ ਅਨੇਕ ਰੰਗਦੇ । ਦਿਤਾ ਹੈ ਉਤਾਰਾ ਜੰਞ ਤਾਂਈ ਜਾਇਕੇ । ਮਿਠਾ ਪਾਣੀ ਆਗੇ ਜੰਞ ਨੂੰ ਪਿਲਾਇਕੇ । ਜਾਣੀ ਖੁਸ਼ ਹੋਗੇ ਕੌਲ ਪੀਕੇਭੰਗਦੇ । ਬਾਜੇ ਗਾਜੇ ਬਜਨ ਅਨੇਕ ਰੰਗਦੇ । ਸੱਦਕੇ ਤੇ ਰਾਤ ਨੂੰ ਨਕਾਹ ਕਰਿਯਾ । ਜਿਵੇਂ ਸੀ ਕੁਰਾਨ ਮੈਂ ਖੁਦਾ ਉਚਰਿਆ । ਰੱਬ ਕੋਲੋਂ ਇਹੋ ਬਖਸ਼ੀਸ਼ ਮੰਗਦੇ । ਬਾਜੇ ਗਾਜੇ ਬਜਨ ਅਨੇਕ ਰੰਗ ਦੇ । ਅਪਣੇ ਧਰਮ ਤੇ ਕਾਜੀ ਬੀ ਖੜਿਆ । ਰਾਂਝਣੇ ਦੇ

ਨਾਮ ਤੇ ਨਕਾਹ ਪੜ੍ਹਿਆ। ਹੋਈ ਬੜੀ ਖੁਸ਼ੀ ਘਰ ਘਰ ਝੰਗਦੇ। ਬਾਜੇ ਗਾਜੇ ਬਜਨ ਅਨੇਕ ਰੰਗਦੇ। ਦਿਨ ਚੜ੍ਹੇ ਰੋਟੀ ਨੂੰ ਲਿਆਂਦੀ ਜੰਨ ਜੀ। ਇਥੇ ਦਾ ਹਵਾਲ ਸੁਣੋ ਲਾਕੇ ਕੰਨ ਜੀ। ਨਾਰਾਂ ਨਾ ਸਮੌਣ ਖੁਸ਼ੀ ਵਿਚ ਅੰਗਦੇ। ਬਾਜੇ ਗਾਜੇ ਬਜਨ ਅਨੇਕ ਰੰਗਦੇ। ਬੰਨ ਦਿਤੀ ਜੰਨ ਨਾਰੀਆਂ ਨੇ ਆਇਕੇ। ਰੋਟੀ ਬਧੀ ਜਾਞੀਆ ਖਾਵੀਂ ਛੁਡਾਇਕੇ। ਕਿਸ਼ੋਰ ਚੰਦਾ ਸਾਰੇ ਹੀ ਜਨੇਤੀ ਸੰਗਦੇ। ਬਾਜੇ ਗਾਜੇ ਬਜਨ ਅਨੇਕ ਰੰਗਦੇ॥ ਦੋਹਰਾ॥ ਜੰਞ ਬੰਨ ਦਿਤੀ ਨਾਰ ਨੇ ਹੋਗੇ ਸਭੇ ਹੈਰਾਨ। ਇਕ ਜਨੇਤੀ ਉਠਕੇ ਲੱਗਾ ਜੰਞ ਛੁਡਾਨ॥ ਕਬਿਤ॥ ਜੰਞ ਰੋਟੀ ਖਾਣ ਆਈ ਤੇ ਬਠਾਈ ਉਤੇ ਕੋਰਿਆਂ ਦੇ ਨਾਰਾਂ ਹੋਈਆਂ ਕਠੀਆਂ ਲਗਾਕੇ ਸੁਣੋ ਕੰਨਨੂੰ। ਹੇਠਾਂ ਹਥਾਂਨੂੰ ਧੁਲੌਣ ਉਤੇ ਨਾਰੀਆਂ ਬਹੁਤ ਗੌਣ ਚੜਗਈ ਲਾਲੀ ਹੈ ਤਮਾਮ ਜਾਣਰੰਨਨੂੰ। ਪਾਣੀ ਜਾਂ ਰਸੋਈਰੰਨਬੰਨਣੇਨੂੰਤਿਆਰਹੋਈ ਪੂਰ ਦਿਤਾ ਜਿਸ ਵੇਲੇ ਥਾਲੀਆਂਚ ਅੰਨ ਨੂੰ। ਬਾਰ ਬਾਰ ਫੇਰ ਰੰਨ ਆਖਦੀ ਕਿਸ਼ੋਰ ਚੰਦਾ ਰੋਟੀ ਫੇਰ ਖਾਇਓ ਵੇ ਛੁਡਾਇਕੇ ਤੇ ਜੰਨ ਨੂੰ॥ ਕਬਿਤ॥ ਉਠਕੇ ਜਨੇਤੀ ਹੈ ਜਨੇਤ ਨੂੰ ਛਡੌਣ ਲਗਾ ਸ਼ੇਰ ਵਾਂਗੂ ਗਜਿਆ ਸਭਾ ਦੇ ਵਿਚ ਖੜਕੇ। ਛੜ ਕੇ ਤੇ ਛੇੜ ਕਿਉਂ ਸਹੇਲੀਆਂਚਿ ਲੁਕ ਰਹੀ ਦਸ ਆਈ ਕੇੜ੍ਹੇ ਉਸਤਾਦ ਕੋਲੋਂ ਪੜ੍ਹਕੇ। ਛੋੜਕੇ ਭਰਿੰਡ ਕਾਨੂੰ ਮੂਖਨੂੰ ਮਰੋੜ ਬੈਠੀ ਮੂਖ ਨ ਮਰੋੜੀਏ ਮਦਾਨ

ਵਿਚ ਅੜ ਕੇ। ਛੋੜ ਕੇ ਤੇ ਛੋੜ ਜੇ ਕਿਸ਼ੋਰ ਕੋਲੋਂ ਭਜ ਜਾਵੇਂ ਰਖਲੂੰ ਬਚਾਲੇ ਤੈਨੂੰ ਗੁਤ ਕੋਲੋਂ ਫੜਕੇ॥ ਕਬਿਤ॥ ਛੁਟੀ ਮਨਿਆਈ ਜੋ ਬਨਾਈ ਹਲਵਾਈ ਥੋੜੇ ਖੁਰਮਾ ਪਤਾਸਾ ਹੋਰ ਨੁਗਦੀ ਅਪਾਰਨੀ। ਪੇੜੇ ਤੇ ਸ਼ਕਰ ਪਾਰੇ ਬਰਫੀ ਛੁਡਾਇਦਿਤੀ ਛੁਟਗਏ ਲੱਡੂ ਤੇ ਜਲੇਬ ਰਸਦਾਰ ਨੀ। ਜਾਮਨਾ ਤੇ ਰਾਜੇ ਸ਼ਾਹੀ ਛੁਟਿਆ ਬਦਾਨਾ ਸਾਬ ਹੋਰ ਕਲਾਕੰਦ ਜਿਨੂੰ ਖਾਣ ਸ਼ਾਹੂਕਾਰ ਨੀ। ਭਾਂਤ ਭਾਂਤ ਦੇ ਨਮੂਨੇ ਸਭ ਛੂਟਗੇ ਕਿਸ਼ੋਰ ਚੰਦਾ ਹੋਰ ਦਿਲ ਭਿਸ਼ਤ ਜੀਦੇ ਰੰਗ ਬੇਸ਼ੁਮਾਰ ਨੀ॥ ਕਬਿਤ॥ ਗੁੜ ਘਿਉ ਸ਼ੱਕਰ ਸਬੱਬੀਂ ਗਏ ਟਕਰ ਜੋ ਚਾਟਣੀਆਂਦੇ ਬਖਰ ਛੁਡਾ- ਮਾ ਕਰ ਧਿਆਨ ਨੀ। ਛੁਟੀ ਖੰਡ ਖੀਰ ਦੁਧ ਚੌਲਾਂਦਾ ਮਿਲਾਪ ਦੋਵੇਂ ਛੁਟ ਗਿਆ ਮੇਵਾ ਜੋੜਾ ਦਸਦਾ ਨਸ਼ਾਨਨੀ। ਖੁਰਮੇਂ ਕਚੌਰੀਆਂ ਤੇ ਪੂਰੀ ਪਰਸ਼ਾਦ ਛੁਟੇ ਛੁਟੇ ਮਿਠੇ ਸਾਰੇ ਹੁਣਦਸਦੀ ਜਬਾਨਨੀ। ਸਾਰੇ ਪਕਵਾਨ ਹੁਣਛੁਟਗੇ ਸ਼ਤਾਬ ਦੇਕੇ ਛੁਟਿਆ ਕਿਸ਼ੋਰ ਚਿਤ ਆਪਣੇ ਪਛਾਣਨੀ॥

ਕਬਿਤ॥ ਬੂੰਦੀ ਭਲੇ ਵੜੀਆਂ ਤੇ ਭਾਜੀਆਂ ਛੁਡਾਮਾਂ ਸਭ ਛੁਟਗੇ ਕਚਾਲੂ ਬੰਦ ਗੋਬੀ ਨੂੰ ਮਲਾਇਕੇ। ਬੈਂਗਣ ਬਤਾਊਂ ਵਿਚ ਅਰਬੀ ਮਿਲਾਊਂ ਰਨੇ ਕੱਦੂ ਘੀਆ ਗੋਂਗਲੂ ਨੂੰ ਜਾਊਂਗਾ ਛੁਡਾਇਕੇ! ਮਸਰ ਮਟਰ ਦਾਲਾਂ ਛੁਟੀਆਂ ਅਨੰਦ ਨਾਲ ਛੁਟਗੇ ਅਚਾਰ ਸਾਰੇ ਦਿਤੇ ਵੇ ਮਲਾਇਕੇ। ਚਟਣੀ ਤਮਾਮ ਅੰਬਚੂਰ ਦੇ ਸਮੇਤ ਛੁਟੀ ਬਾਗ ਦੇ

ਸਮੇਤ ਮੇਵੇ ਵਿਚ ਹੀ ਗਟਾਇਕੇ॥ ਕਬਿਤ॥ ਕੇਸਰੀ
ਪਿਆਜੀ ਸੂਹਾ ਠੀਕ ਕਕਰੇਜੀ ਛੁਟੇ ਊਦਾ ਸਰਮਈ
ਜੇੜ੍ਹੇ ਜਾਨੀਆਂ ਨੂੰ ਪਿਆਰੇ ਨੀ। ਆਰਸੀ ਗੁਲਾਬੀ
ਗੁਲਾਨਾਰੀ ਤੇ ਅਕਾਸੀ ਜਾਨੀ ਸੋਸਨੀ ਕਪਾਸੀ ਰੰਗ
ਛੁਟਗਏ ਸਾਰੇ ਨੀ। ਬੈਂਗ.ਣੀ ਬਸੰਤੀ ਖਾਕੀ ਕੁਲਵੀ
ਬਦਾਮੀ ਲਾਖੀ ਕਾਸ਼ਨੀ ਕਪੂਰੀ ਛੁਟਰੇ ਨਨਿਆਰੇ ਨਿਆਰੇ
ਨੀ। ਸਾਂਦਲੀ ਅੰਗੂਰੀ ਨੀਲਾ ਕਾਸਨੀ ਸੰਦੂਰੀ ਛੁਟੇ
ਹਰਾ ਲਾਲ ਪੈਲਾਂ ਜੋ ਕਿਸ਼ੋਰ ਨੇ ਉਚਾਰੇ ਨੀ॥ ਕਬਿਤ॥
ਭਬਕੇ ਗਲਾਸਦੇ ਸਮੇਤ ਛੰਨਾ ਛੁਟਗਿਆ ਛੁਟਗੇ ਕਟੋਰੇ
ਜੇੜ੍ਹੇ ਘੜੇ ਠਠਿਆਰ ਨੀ। ਬਾਟੀ ਬਲਟੋਹੀ ਤੇ ਕਟੋਰ
ਦਾਨ ਛੁਟ ਗਿਆ ਛੁਟਗੀ ਬਰਾਤ ਹੁਣ ਆਈ ਮੈਨੂੰ
ਸਾਰਨੀ। ਤਵਾ ਪਤੀਲਾ ਕੜਛੀ ਕੜਾਹੀਦਾ ਮੁਕਾਮਾਂ ਕੰਮ
ਹੋਰ ਸਾਰੇ ਭਾਂਡਿਆਂ ਦਾ ਹੋਯਾ ਬੜਾ ਪਾਰਨੀ। ਬਰਛੀਆਂ
ਤੇ ਨੇਜੇ ਤੀਰ ਛੁਟਗੇ ਕਮਾਨ ਵਿਚੋਂ ਢਾਲ ਤਲਵਾਰ ਤੇ
ਬੰਦੂਕ ਹਥਿਆਰ ਨੀ॥ ਕਬਿਤ॥ ਅਤਲਸ ਨੈਣਸੁਖ
ਛੁਟਗੀ ਡਬਲਜੀਨ ਛੀਂਟ ਕਨਾਵੇਜ ਹੋਰ ਮਖਮਲ ਸਾ-
ਰੀਆਂ। ਚੌਂਸੀ ਪੈਂਸੀ ਖਦਰ ਜੀਨ ਵਿਚ ਛੁਟ ਗਿਆ
ਹੋਰ ਗਬਰੂਨਾਂ ਲੁਧਿਆਣੇ ਦੀਆਂ ਸਾਰੀਆਂ। ਤਾਂਬੜਾ
ਮਰੀਨਾ ਪਸ਼ਮੀਨਾ ਪੱਟੂ ਛੁਟ ਗਿਆ ਰੰਗ ਜੋ ਸੁਰਖ
ਛੀਆਂ ਹੋਰ ਫੁਲਕਾਰੀਆਂ। ਚੱਦਰਾਂ ਦੇ ਜੋੜੇ ਕਸ਼ਮੀਰੇ
ਦੇ ਸਮੇਤ ਛੁਟੇ ਛੁਟਗਿਆ ਲੱਠਾ ਮਲਮਲ ਭੀ ਉਧਾਰੀ-

ਆਂ ॥ ਕਬਿਤ ॥ ਗਡੀ ਗਡੇ ਬਗੀਆਂ ਤਮਾਮ ਜਾਣ ਛੁਟ ਗਏ ਛੁਟ ਗਏ ਗੈਣੇ ਜੋ ਨਿਆਣਿਆਂ ਦੇ ਪਾਏ ਨੀ। ਬਾਜੇ ਗਾਜੇ ਲਾਗੀਆਂ ਸਮੇਤ ਸਭ ਛੁਟ ਗਏ ਛੁਟ ਗਏ ਕਪੜੇ ਜੋ ਤਨ ਮੇਂ ਸਜਾਏ ਨੀ। ਛੁਟ ਗਿਆ ਹਾਣ ਪਰ ਮਾਣ ਧਨਮਾਲ ਮੇਰਾ ਹੋਰ ਗਿਣ ਸਾਰੇ ਜੇੜੇ ਗੈਣਿਆਂ ਸੁਹਾਏ ਨੀ। ਸਾਡਾ ਅਸਬਾਬ ਸਭ ਛੁਟਿਆ ਕਿਸ਼ੋਰ ਵੇਂਦਾ ਹੋਵੀਂ ਤੂੰ ਚੇਤੰਨ ਤੇਰੇਵਲ ਤੀਰ ਆਏ ਨੀ ॥ਕਬਿਤ ॥ਮਾਈ ਬਾਪ ਭੈਣ ਭਾਈ ਵੰਨਦੂੰ ਤਮਾਮ ਤੇਰੇ ਹੋਰ ਤੇਰੇ ਕੋੜਮੇਂ ਨੂੰ ਛਡਕੇ ਨ ਜਾਮਣਾ। ਦੇਵਰ ਤੇ ਜੇਠ ਮੇਰਾ ਵਿਚੇ ਹੀ ਮਿਲਾਇਕਰ ਜਾਦੂ ਮੈਂ ਵੰਗਾਲਦਾ ਹੈ ਥੋੜੇ ਸਿਰਪਾਮਨਾ। ਅੰਗ ਸਾਕ ਕੁੜਮ ਕਬੀਲਾ ਤੇਰਾ ਵੰਨ ਦਿਆਂ ਵੰਨਦਿਤਾ ਤੇਰਾ ਹੁਣ ਗਾਮਣਾ ਬਜਾਮਣਾ। ਹਾਣ ਪਰਮਾਣ ਸਹੀ ਆਂ ਬੰਨੀਆਂ ਕਿਸ਼ੋਰ ਵੇਂਦਾ ਸ਼ੇਰਾਂ ਮੂਹਰੇ ਹੋਵੇ ਕਦੇ ਬਕਰਾ ਨਾ ਸਾਮਣਾ ॥ ਦੋਹਰਾ॥ ਜੰਞ ਛੁਡਾਈ ਅਸਾਂਨੇ ਜਿਵੇਂ ਜਗਤ ਬਿਵਹਾਰ। ਸੋਈ ਮੁੜਕੇ ਬੰਨਿਆਂ ਭੋਜਨ ਕਰੋ ਅਹਾਰ ॥ਮੁਕੰਦਛੰਦ॥ ਰੋਟੀ ਜੰਞ ਖਾਕੇ ਹੋਗਈ ਨਿਹਾਲ ਜੀ। ਚਾਰ ਦਿਨ ਨਿਕਲੇ ਖੁਸ਼ੀ ਦੇ ਨਾਲ ਜੀ। ਦਾਤਵਾਲਾ ਕੋਈ ਨਾ ਸ਼ੁਮਾਰ ਆਮਦਾ। ਚੂਚਕੇ ਦੇ ਜਸ ਨੂੰ ਜਹਾਨ ਗਾਮਦਾ। ਗਊ ਬੈਲ ਮਝੀਆਂ ਜੋ ਸੀ ਲਵੇਰੀਆਂ। ਹੋਰ ਚੀਜਾਂ ਦਾਤਮੇਂ ਜੋਸੀ ਬਥੇਰੀਆਂ। ਕਪੜੇਤਗਾਂਦਆਂਦਾ ਫੇਰ ਲਾਮਦਾ। ਚੂਚਕੇ ਦੇ ਜਸ ਨੂੰ ਜਹਾਨ ਗਾਮਦਾ। ਹੀਰ

ਕੱਲੇ ਸਹੀਆਂ ਹੋਗੀਆਂ ਨੇ ਕੱਠੀਆਂ । ਰੋਣ ਜ਼ਾਰੋ ਜ਼ਾਰ ਜੋ ਤਮਾਮ ਪੱਠੀਆਂ । ਕਿਸ਼ੋਰ ਚੰਦ ਕਵੀ ਮੁਖ ਤੇ ਸੁਨਾਮਦਾ । ਚੂਚਕੇ ਦੇ ਜਸਨੂੰ ਜਹਾਨ ਗਾਮਦਾ ॥ ਮੁਕੰਦ ਛੰਦ ॥ ਰੋਵਣ ਸਹੇਲੀਆਂ ਤਮਾਮ ਕੁਲ ਜੀ । ਮੋਟੇ ਮੋਟੇ ਕਢੇ ਨਾਰੀਆਂ ਨੇ ਬੁਲ ਜੀ । ਕੂਕਾਂ ਉਸ ਵੇਲੇ ਜਾਣ ਨ ਸਹਾਰੀਆਂ । ਗਲ ਲਗ ਰੋਵਣ ਤਮਾਮ ਨਾਰੀ ਆਂ । ਆਪ ਹੋਕੇ ਚਲੀ ਹੁਣ ਸਰਦਾਰ ਨੀ । ਤੇਰੇ ਬਾਝੋਂ ਪੌਣਾ ਕਿਨੇ ਨਾ ਭੰਡਾਰ ਨੀ । ਹੀਰਤੀ ਦਿੰਦੀਹੈ ਮਾਪਿਆਂ ਨੂੰ ਗਾਲੀਆਂ । ਗਲ ਲਗ ਰੋਵਣ ਤਮਾਮ ਨਾਰੀਆਂ । ਬਿਰ ਬਿਰ ਨਾਰਾਂ ਕਰਨ ਇਸ਼ਾਰ ਨੂੰ । ਬਿਨਾਂ ਮਜਦੂਰੀ ਤੋਰਤਾ ਬਿਚਾਰਨੂੰ । ਬਾਰਾਂਵਰੇ ਮਝੀਆਂ ਮੁਫਤ ਚਾਰੀਆਂ । ਗਲ ਲਗ ਰੋਵਨ ਤਮਾਮ ਨਾਰੀਆਂ । ਓਸ ਨੂੰ ਨਾ ਦੋਸ ਹੈ ਜਰਾ ਭੀ ਅੜਿਆ । ਓਤਾਂ ਪੂਰਾ ਆਪਣੇ ਸਿਦਕ ਖੜਿਆ । ਜਿਥੇ ਪਿਛਾ ਦੇਣਨੀ ਰੰਨਾਂ ਨਕਾਰੀਆਂ । ਗਲ ਲਗ ਰੋਵਨ ਤਮਾਮਨਾਰੀਆਂ । ਫੇਰ ਮੁੜ ਹੋਰ ਆਖਦੀਹੈ ਗਲ ਨੂੰ । ਮੇਰੇ ਮਾਹੀ ਪਾਗਿਆ ਜਿਗਰ ਸਲਨੂੰ । ਮੇਰੇ ਸੀਨੇ ਮਾਰ ਤਿਖੀਆਂ ਕਟਾਰੀਆਂ । ਗਲ ਲਗ ਰੋਵਨ ਤਮਾਮ ਨਾਰੀਆਂ । ਰੋਂਦੀ ਜ਼ਾਰੋ ਜ਼ਾਰ ਪਾਮਦੀ ਹੈ ਵੈਣ ਨੂੰ । ਆਗੇ ਅਜ ਸਧੇ ਜਮਦੂਤ ਲੈਣਨੂੰ । ਹਥੀਂ ਪੈਰੀਂ ਮੇਰੇ ਬੇੜੀਆਂ ਨੇ ਭਾਰੀਆਂ । ਗਲ ਲਗ ਰੋਵਣ ਤਮਾਮ ਨਾ- ਰੀਆਂ । ਯਾਦ ਕਰ ਰਾਂਝਣੇ ਨੂੰ ਨਾਰੇ ਮਾਰਦੀ । ਜਦ ਕਦ

ਸਖ ਮੈਂ ਮਨਾਮਾਂ ਯਾਰਦੀ। ਕਿਸ਼ੋਰ ਚੰਦਾ ਫੇਰ ਕੀਤੀਆਂ ਤਿਆਰੀਆਂ। ਗਲ ਲਗ ਰੋਵਨ ਤਮਾਮ ਨਾਰੀਆਂ॥

ਮੁਕੰਦ ਛੰਦ॥ ਕਪੜੇ ਤੁਗਾਦੇ ਸਹੀਆਂ ਪੌਣ ਹੀਰ ਦੇ। ਅੰਗ ਢਿਲੇ ਹੋਗੇ ਹੀਰ ਕੇ ਸਰੀਰ ਦੇ। ਲਾਈ ਮੈਨੂੰ ਅੱਗ ਪਾ ਮਿਟੀਦਾ ਤੇਲ ਨਾ। ਬਾਂਦਰਾਂਦੇਨਾਲ ਹੰਸਣੀਦਾ ਮੇਲ ਨਾ। ਸੈਦਾ ਵਰ ਮੇਰਾ ਕਿਉਂ ਤੁਸਾਂ ਨੇ ਟੋਲਿਆ। ਦਾਣਾ ਪਾਣੀ ਮੇਰਾ ਅੱਜ ਤੋਂ ਹੀ ਹੋ ਲਿਆ। ਪਲੇ ਮੇਰੇ ਪਾਇਆ ਨੀ ਮਿਟੀਦਾ ਖੇਲਨਾ। ਬਾਂਦਰਾਂ ਦੇ ਨਾਲ ਹੰਸਣੀਦਾ ਮੇਲ ਨਾ। ਕੀਤਾ ਮੇਰਾ ਨਹੀਂ ਤੁਸਾਂ ਨੇ ਤਰਾਸ ਜੇ। ਹੋਊ ਤੇਰਾ ਬਾਬਲਾ ਜਰੂਰ ਨਾਸ ਜੇ। ਸੈਦੇ ਦੀ ਕਦੇ ਮੈਂ ਕਟਣੀ ਜੇ ਜੇਲ ਨਾ। ਬਾਂਦਰਾਂ ਦੇ ਨਾਲ ਹੰਸਣੀ ਦਾ ਮੇਲ ਨਾ। ਡੋਲੀ ਵਿਚ ਪਾਈ ਮਲੋ ਮਲੀ ਧਕਕੇ। ਤੁਰਪੇ ਕਹਾਰਹੈਂ ਡੋਲੀ ਨੂੰ ਚਕਕੇ। ਕਿਸ਼ੋਰ ਚੰਦਾ ਧਰਤੀ ਬੀ ਦੇਵੇ ਬੇਲ ਨਾ। ਬਾਂਦਰਾਂ ਦ ਨਾਲ ਹੰਸਨੀ ਦਾ ਮੇਲ ਨਾ॥ ਕੋਰੜਾ ਛੰਦ॥

ਡੋਲੀ ਜੁਹੋਂ ਪਾਰ ਜਾਂ ਕਹਾਰ ਲੈਗਏ। ਹੀਰ ਦੇ ਮਗਰ ਝੇੜੇਹੋਰ ਪੈਗਏ। ਮੱਝੀਆਂ ਨਾ ਜੂਹਤੇ ਅਗਾਂਹਾਂਜਾਂਦੀਆਂ। ਜੂਹ ਦੇ ਉਤੇ ਖੜੀਆਂਸੀ ਜੋਅੜਾਂਦੀਆਂ। ਰਾਂਝੇ ਬਾਝ ਤੁਰਨ ਨਹੀਂ ਅਗਾਂਹਾਂਨੂੰ। ਸਗੋਂ ਮੁੜ ਮੁੜ ਔਂਦੀਆਂ ਪਿਛਾਹਾਂਨੂੰ। ਹਟਗੇ ਤਮਾਮ ਹੁਣ ਕੁਟ ਮਾਰ ਕੇ। ਮਲਕੀ ਨੂੰ ਚੂਚਕ ਕਹੇ ਉਚਾਰ ਕੇ। ਦੌੜਕੇ ਸ਼ਿਤਾਬ ਪਿੰਡ ਵਲ ਜਾਈਂ ਤੂੰ। ਰਾਂਝਣੇ ਨੂੰ ਛੇਤੀ ਜਾ ਮਨਾਕੇ ਲਿਆਈਂ ਤੂੰ। ਰਾਂਝੇ ਦੇ

ਬਗੈਰ ਮੱਝੀਆਂ ਨਾ ਜਾਂਦੀਆਂ। ਮੁਫਤ ਅਸਾਂ ਨੂੰ ਫਿਰਨ ਭੁਕਾਂਦੀਆਂ। ਸੁਟਕਰ ਮਲਕੀ ਜੋ ਆਣੀ ਝੰਗ ਨੂੰ। ਦੂਰ ਕੀਤਾ ਉਸ ਨੇ ਤਮਾਮ ਸੰਗ ਨੂੰ। ਗਲੀ ਗਲੀ ਝੰਗ ਦੀ ਬਹੁਤਭਾਲਿਆ।ਕਿਤੋਂ ਨ ਥਿਆਯਾਹੈ ਮਸੀਤੋਂਪਾਲਿਆ। ਰਾਂਝਣੇਦੇ ਪਾਸ ਬੈਠਗੀਹੈ ਜਾਇਕੇ। ਮਿਠੀ ਮਿਠੀ ਗਲ ਆਖਦੀ ਸੁਨਾਇਕੇ। ਪੁਤਾਂ ਉਤੇ ਮਾਪਿਆਂ ਦਾ ਸਦਾ ਜੋਰ ਵੇ। ਤੇਰੇ ਬਿਨਾਂ ਕੇੜਾ ਦਰਦੀ ਹੈ ਹੋਰ ਵੇ। ਸੈਦੇਘਰ ਹੀਰ ਨੇ ਕਦੇ ਨੀ ਬਸਨਾ। ਤੇਰੇ ਨਾਲ ਤੇਰੂੰ ਸਚ ਖੋਲ ਦਸਨਾ। ਕੇਰਾਂ ਉਨੂੰ ਛਡਿਆ ਜਰੂਰ ਜਾਇਕੇ। ਤੇਰ ਦੂੰ ਜਰੂਰ ਉਥੋਂ ਮੈਂ ਮੰਗਾਇਕੇ। ਬਾਹੋਂ ਫੜ ਰਾਂਝੇ ਨੂੰ ਅਗੇ ਰੇ ਲਾ ਲਿਆ। ਕੀਤੀ ਨ ਹੁਜਤ ਆਸ਼ਕੀ ਨੇ ਖਾਲਿਆ। ਹੀਰ ਦੀ ਟਮਕ ਹੈ ਉਠਾਈ ਸਿਰ ਜੀ। ਉਠ ਮੱਝੀ ਤੁਰੀਆਂ ਨ ਲਾਯਾ ਚਿਰ ਜੀ। ਸੋਚਦੀ ਜੋ ਹੀਰ ਮਨ ਮੇਂ ਸਿਆਣੀ ਹੈ। ਰਸਤੇਚ ਆਣ ਮੰਗਿਆ ਜੋ ਪਾਣੀ ਹੈ। ਡੋਲੀ ਨੂੰ ਉਤਾਰ ਕਿਉਂ ਲਗਾਈ ਡੇਰਵੇ। ਪਾਣੀ ਨੂੰ ਪਿਲਾਕ ਚੁਕ ਲਵੋ ਫੇਰ ਵੇ। ਸੈਦੇ ਨੇ ਭੀ ਕਿਹਾ ਝੀਰਾਂ ਨੂੰ ਪੁਕਾਰ ਕੇ। ਪਾਣੀ ਕਿਤੋਂ ਲਿਆਓ ਡੋਲੀਨੂੰ ਉਤਾਰ ਕੇ। ਮੰਨ ਕੇ ਬਚਨ ਡੋਲੀ ਨੂੰ ਉਤਾਰ ਦੇ। ਪਾਣੀ ਤਾਂਈ ਨਿਗਾ ਝੀਵਰ ਹੈਂ ਮਾਰਦੇ। ਚਕ ਕਰਮੰਡਲ ਗਏ ਕਹਾਰ ਜੋ। ਸੈਦਾ ਨਾਲ ਗਿਆ ਘੋੜੇ ਤੇ ਸਵਾਰ ਜੋ। ਜਿਸ ਵੇਲੇ ਗਏਹੈਂ ਕਹਾਰ ਜਲਨੂੰ। ਰਾਂਝਾ ਕੋਲੇ ਸਦਿਆ

ਨਾ ਲਾਯਾ ਪਲ ਨੂੰ। ਘੁਟ ਘੁਟ ਦੋਨੋਂ ਕਰਦੇ ਪਿਆਰ ਜੋ। ਤੋੜ ਲਿਆ ਨਾਲੇ ਗਲ ਵਿਚੋਂ ਹਾਰ ਜੋ। ਦੂਰੋਂ ਬੈਠਾ ਰਾਂਝਾ ਸੈਦੇ ਨੇ ਨਿਹਾਰਿਆ। ਚਲੋ ਭਾਈ ਰਾਂਝੇ ਨੇ ਗਜਬ ਮਾਰਿਆ। ਲੁਟਦਾ ਅਨੰਦ ਹੁਣ ਹੀਰ ਨਾਲ ਓਏ। ਮਾਰ ਮਾਰ ਰਾਂਝੇ ਨੂੰ ਬਨਾਓ ਲਾਲ ਓਏ। ਪੌਂਚੇ ਨੇ ਕਹਾਰ ਜੋ ਸ਼ਿਤਾਬ ਆਇਕੇ। ਅਗੋਂ ਹੀਰ ਨਵੀ ਆਖਦੀ ਸੁਣਾਇ ਕੇ। ਪਰੇ ਤੁਸਾਂ ਰੈਣਾ ਆਖਦੀ ਉਚਾਰਜੇ। ਗਲ ਵਿਚੋਂ ਮੇਰੇ ਟੁਟ ਗਿਆ ਹਾਰ ਜੇ। ਮੋਤੀ ਹੈਂ ਚੁਗਾਏ ਮੇਰੇ ਕੋਲ ਆਇਕੇ। ਤੁਸੀਂ ਭਜ ਆਏ ਭਰਮਾਂ ਨੂੰ ਖਾਇਕੇ। ਰਾਂਝਣੇ ਨੂੰ ਕੀਤੀ ਜੇ ਜਰਾ ਬੀ ਹੁਤਵੇ। ਮਾਰੂੰ ਮੈਂ ਕਹਾਰੋ ਥੋੜੇ ਖੋਲ ਜੁਤਵੇ। ਦਿਤਾ ਨ ਜਵਾਬ ਮੋੜ ਕੇ ਤੇ ਰੈਨ ਨੂੰ। ਚੁਕ ਲਈ ਡੋਲੀ ਨਾ ਹਲਾਯਾ ਕੰਨ ਨੂੰ। ਹੌਲੀ ਹੌਲੀ ਆਏ ਰੰਗਪੁਰ ਖੇੜ ਨੂੰ। ਇਥੇ ਹੋਰ ਛਡਦੇ ਤਮਾਮ ਝੇੜੇ ਨੂੰ। ਆਣਕੇ ਉਤਾਰੀ ਡੋਲੀ ਬੂਹੇ ਬਾਰ ਜੇ। ਸੈਦੇ ਦੀ ਮਾਈ ਨੇ ਪਾਣੀ ਪੀਤਾ ਬਾਰ ਜੇ। ਕਿਸ਼ੋਰ ਰੰਦਾ ਡੋਲੀ ਨੂੰ ਉਤਾਰੇ ਭੌਰ ਜੇ। ਸਾਰੀਆਂ ਨੇ ਝਟ ਬਦਲਾਯਾ ਤੌਰ ਜੇ॥

ਮੁਕੰਦ ਛੰਦ॥ ਰਾਂਝਣੇ ਨੂੰ ਪੁਛਿਆ ਨਾ ਰੋਟੀ ਟੁਕ ਜੀ। ਮਟਰ ਭੁਨਾਕੇ ਪਲੇ ਪਾਏ ਬੁਕ ਜੀ। ਮਝੀਆਂ ਬਨ੍ਹਾਕੇ ਪਿਛੇ ਨੂੰ ਤੋਰਿਆ। ਰਾਂਝਾ ਕਹੇ ਚਲ ਤੂੰ ਮਨਾ ਨਜੋਰਿਆ। ਜਿਸ ਵੇਲੇ ਰਾਂਝਾ ਝੰਗ ਵਿਚ ਆਯਾ ਹੈ। ਉਥੇ ਬੀ ਕਿਸੇ ਨੇ ਨਹੀਂ ਮੂਖ ਲਾਯਾ ਹੈ। ਮਸੀਤ ਵਲ ਗਿਆ ਛੁਭਕੇ

ਕਲੇਸ਼ ਨੂੰ। ਕਦੇ ਕਹੇ ਛਡ ਚਲਾਂ ਇਸ ਦੇਸ ਨੂੰ। ਕਦੇ ਕਹੇ ਜਾਵਾਂ ਤਖਤ ਹਜਾਰੇ ਜੋ। ਓਥੇ ਭਾਬੀ ਤਾਨ੍ਹੇ ਦਿਨੇ ਰਾਤ ਮਾਰੇ ਜੋ। ਸੋਚ ਰਿਹਾ ਸੋਚਾਂ ਜੋ ਬਹੁਤ ਸਾਰੀਆਂ। ਅੰਤ ਚਕ ਦਿਲਾਂ ਤੋਂ ਧਰਤ ਮਾਰੀਆਂ। ਕਦੇ ਕਹੇ ਹੁਣ ਬਣ ਜਾਂ ਫਕੀਰ ਜੀ। ਇਸੇ ਵਿਚ ਕਿਤੇ ਮਿਲਜੂਗੀ ਹੀਰ ਜੀ। ਕਿਸ਼ੋਰ ਚੰਦਾ ਪੁਛੇ ਨ ਕੋਈ ਨਤਾਣੇ ਨੂੰ। ਮੇਟ ਕੋਟ ਦੇਵੇ ਮਾਲਕ ਦੇ ਭਾਣੇ ਨੂੰ॥ ਦੋਹਰਾ॥ ਗਲੀ ਗਲੀ ਵਿਚ ਝੰਗਦੇ ਰੋਵੇ ਜ਼ਾਰੋ ਜ਼ਾਰ। ਕੋਈ ਬਨ੍ਹਾਵੇ ਧੀਰ ਨਾ ਬਿਨਾਂ ਮੀਤ ਦਿਲਦਾਰ॥ ਕੋਰੜਾ ਛੰਦ॥ ਰੋਵੇ ਜ਼ਾਰੋ ਜ਼ਾਰ ਬੰਨਦਾ ਨ ਧੀਰ ਨੂੰ। ਭਾਰੀ ਦੁਖ ਪੈਗੇ ਆਣ ਕੇ ਸਰੀਰ ਨੂੰ। ਅਖੀਆਂ ਚੋਂ ਜ਼ਾਰੋ ਜ਼ਾਰ ਸਿਟੇ ਨੀਰ ਜੀ। ਚਲ ਮਨਾ ਹੁਣ ਹੋਜੀਏ ਫਕੀਰ ਜੀ। ਜਾਂਵਾਂ ਜੇ ਮੈਂ ਹੁਣ ਤਖਤ ਹਜਾਰੇ ਜੀ। ਭਾਬੀਆਂ ਦੇ ਤਾਨ੍ਹੇ ਜਾਨ ਨਾ ਸਹਾਰੇ ਜੀ। ਰੋਵੇ ਧਾਹਾਂ ਮਾਰ ਦੇਖਤ ਕਦੀਰ ਜੀ। ਚਲ ਮਨਾਂ ਹੁਣ ਹੋਜੱਯੇ ਫਕੀਰ ਜੀ। ਮਨ ਵਿਚ ਰਾਂਝਣਾ ਪਿਆ ਵਿਚਾਰਦਾ। ਕੇਰਾਂ ਰਬਾ ਮੇਲਾ ਤੂੰ ਕਰਾਦੇ ਯਾਰ ਦਾ। ਹੀਰ ਦੇ ਵਜੋਗ ਸੁਕਿਆ ਸਰੀਰ ਜੀ। ਚਲ ਮਨਾਂ ਹੁਣ ਹੋਜੱਯੇ ਫਕੀਰ ਜੀ। ਝੰਗ ਸਜਾਲ ਤਾਂਈ ਰਾਂਝਾ ਛਡ ਚਲਿਆ। ਰੋਂਦਾ ਜ਼ਾਰੋ ਜ਼ਾਰ ਜਾਮਦਾ ਨ ਝਲਿਆ। ਕਿਸੇ ਨਾ ਦੁਲਾਯਾ ਹੋਯਾ ਦਿਲਗੀਰ ਜੀ। ਚਲ ਮਨਾਂ ਹੁਣ ਹੋਜੱਯੇ ਫਕੀਰ ਜੀ। ਗੋਰਖਦਾ ਟਿਲਾ ਸਾਰੇ ਮਸ਼ਹੂਰ ਜੀ। ਜਾਣਦੇ ਤਮਾਮ

ਲੋਕ ਦੂਰ ਦੂਰ ਜੀ। ਜਾਮਦਾ ਕਿਸ਼ੋਰ ਜਿਉਂ ਕਮਾਨੋਤੀਰ ਜੀ। ਚਲਮਨਾਂ ਹੁਣ ਹੋਜੱਪੇ ਫਕੀਰਜੀ॥ ਦੇਭਾਗ ਹੁੰਦਾ॥ ਟਿਲੇ ਜਾਇ ਖੜਾ ਵੇਲਕੇ ਅਦੇਸ਼ ਨੂੰ। ਸਾਰੇ ਛਡ ਆ ਗਿਆ ਜੀ ਮੈਂ ਕਲੇਸ਼ ਨੂੰ। ਬਾਲਨਾਥ ਵੇਠਾ ਜੋ ਦਣਾ ਹੀ ਝੂਲਦਾ। ਚੜ੍ਹਿਆ ਧਤੂਰਾ ਨਾਥ ਨੂੰ ਨਾ ਭੂਲਦਾ। ਨਾਥਫੇਰ ਦੇਖੇ ਅਖੀਆਂ ਨੂੰ ਪਟ ਜੀ। ਹੋਰ ਨੂੰ ਲਗੀ ਹੈ ਨਾਰੀਆਂ ਦੀ ਸੱਟ ਜੀ। ਬਾਲਨਾਥ ਪੁਛੇ ਤੇਰਾ ਕੀ ਹੈ ਨਾਮ ਜੋ। ਦਸ ਜ਼ਾਤ ਗੋਤ ਤੇ ਪਿਤਾ ਦਾ ਧਾਮ ਜੋ। ਰਾਂਝਾ ਫੇਰਮੁੜ ਕੇ ਪੁਕਾਰਕਰਦਾ। ਜਾਨ ਬੁਝ ਛੱਡਿਆ ਜੰਜਾਲ ਘਰਦਾ। ਟਿਲਾ ਮੇਰਾ ਗਾਮ ਤੇ ਫਕੀਰ ਜਾਤ ਜੀ। ਜਗ ਵਿਚ ਤੁਸੀਂ ਹੋ ਪਿਤਾ ਤੇ ਮਾਤ ਜੀ। ਨਾਮ ਜਾਣ ਰਾਂਝਾ ਮੈਂ ਤੁਹਾਨੂੰ ਦਸਦਾ। ਜਗਦੇ ਜੰਜਾਲਚਿ ਨਹੀਂ ਮੈਂ ਫਸਦਾ। ਮੇਰੇ ਤਾਂਈ ਦੀਜੀਓ ਬਖਸ਼ ਜੋਗ ਨੂੰ। ਗੁਰੂ ਜੀ ਨਿਵਾਰ ਡਾਰ ਮੇਰੇ ਸੋਗ ਨੂੰ। ਨਾਥ ਕਹੇ ਜੋਗਚੋਂ ਤੁਸਾਂਕੀਖਟਣਾ। ਹੀਰਾ ਕਾਨੂੰ ਬਹਿਆ ਮੁਫਤ ਚਟਣਾ। ਕੇੜੀ ਗਲੋਂ ਲਗਿਆ ਕਮੇਂਟ ਜੋਗ ਨੂੰ। ਜਾਣ ਬੁਝ ਮੂਰਖਾ ਸਹੇੜੇਂ ਰੋਗ ਨੂੰ। ਰੰਗਲੇ ਪਲੰਘ ਤੇ ਤੁਸਾਂ ਨੇ ਸੋਵਣਾ। ਏਥੇ ਬਗਾ ਚੀਰ ਨ ਨਸੀਬ ਹੋਵਣਾ। ਘਰ ਵਿਚ ਕਟਨੀ ਅਮੀਰੀ ਬਹਿਆ। ਕਿਉਂ ਨ ਦੂਧ ਦਹੀ ਤੇ ਮਖਣ ਪਚਿਆ। ਮੁੜ ਜਾ ਘਰਾਂ ਨੂੰ ਹੁਣ ਚੁਪ ਕਰਕੇ। ਪਾਣੀ ਅਧੀ ਰਾਤ ਕੱਢ ਲਿਆਂਦਾ ਭਰਕੇ। ਰਾਂਝਾ ਕਹੇ ਗੁਰੂ ਨਾ [illegible]ਜੀਵੇ।

ਸ਼ਰਨ ਪਏ ਦੀ ਲਾਜ ਰਖ ਲੀਜੀਏ। ਗੰਦ ਨਾਲ ਬੰਦੇ ਦਾ ਸਰੀਰ ਭਰਿਆ। ਕਾਦੇ ਉਤੇ ਬੰਦੇ ਨੇ ਗੁਮਾਨ ਕਰਿਆ। ਕੰਨ ਵਿਚੋਂ ਨਿਕਲੇ ਹਮੇਸ਼ ਮੈਲ ਜੀ। ਦੇਖਕੇ ਪੁਰਸ਼ ਹੋਮਦਾ ਹੈ ਕੈਲ ਜੀ। ਨੇਤਰਾਂਦੇ ਵਿਚੋਂ ਨਿਤ ਗਿਡ ਜਾਮਦੀ। ਦੂਸਰੇ ਦੇ ਕੋਲੋਂ ਦੇਖੀ ਨਹੀਂ ਜਾਮਦੀ। ਨਕ ਵਿਚ ਦੇਖ ਤੂੰ ਜੁੜਤ ਗਲੀਆਂ। ਬੁਲਾਂ ਉਤੇ ਔਣ ਸੀਂਢ ਦੀਆਂ ਨਲੀਆ। ਮਿਸੀਰੁਖੀ ਖਾਵੇ ਜਾਂ ਹੈ ਖੰਡ ਖੀਰਜੀ। ਰਗਾਂ ਹੇਠ ਹੋਜੇ ਤਾਂ ਇਕੋ ਤਸੀਰ ਜੀ। ਥੋੜੇ ਚਿਰ ਬਾਦ ਮੁਖ ਜਾਵੇ ਸੁਕ ਜੀ। ਫੇਰ ਐਸੇ ਮੁਖੋਂ ਜਾਮਦਾ ਹੈ ਥੁਕ ਜੀ। ਇੰਦਰੀ ਦੇ ਵਿਚੋਂ ਹੇ ਪਿਸ਼ਾਬ ਆਮਦਾ। ਗੁਦਾਵਿਚੋਂ ਬਿਸ਼ਟਾ ਹਮੇਸ਼ ਆਮਦਾ। ਵੇਲਾ ਏਦਾ ਮੂਰਖ ਕਰੇਖਿਆ ਲ ਜੀ। ਏਨਾਂ ਦਰਵਾਜਿਆਂ ਚੋਂ ਕੇੜੇ ਲਾਲ ਜੀ। ਹਡ ਮਾਸ ਨਾਲ ਹੈ ਸਰੀਰ ਭਰਿਆ। ਰੋਗਨ ਸਰੀਰ ਤੇ ਲਹੂ ਦਾ ਕਰਿਆ। ਪਾੜ ਦੇਓ ਕੰਨ ਗੁਰੂ ਖਿਚ ਤਾਰਕੇ। ਆਗਿਆ ਮੁਤਾਜ ਸੁਖਾਂ ਨੂੰ ਵਸਾਰ ਕੇ। ਫੇਰ ਨਾਥ ਆ ਖਦਾ ਬਹੁਤ ਅਕਕੇ। ਭੈਗ ਵਾਲਾ ਘੋਟਨਾ ਰਾਂਝੇ ਨੂੰ ਚਕ ਕੇ। ਮੁੜ ਜਾ ਘਰਾਂ ਨੂੰ ਬਿਲਕੁਲ ਗੀਡਿਆ। ਦਸ ਇਥੋਂ ਖਟਨਾ ਤੁਸਾਂ ਕੀ ਮੁੰਡਿਆ। ਏਥੇਕਈ ਡੈਗ ਨਾ ਅਨਾਜ ਮਿਲਦਾ। ਓਦੋਂ ਬਚਾਕਾਲਜਾਬਹੁਤਹਿਲਦਾ। ਫੇਰ ਓਦੂੰ ਨਾਮ ਜਾਮਦਾ ਨ ਰਟਿਆ। ਤੈਥੋਂ ਬਚਾ ਦੁਖ ਜਾਮਣਾ ਨੀ ਕਟਿਆ। ਤੇਰੇ ਤਾਂਈ ਬਚਾ ਸਚ ਹਾਂ ਉਚਾਰਦੇ।

ਅਸੀਂ ਪਟੇ ਕੈਂਚੀ ਮਾਰ ਕੇ ਉਤਾਰਦੇ। ਰਾਂਝਾ ਕਹੇ ਗੁਰੂ ਨੂੰ ਜਬਾਨੋਂ ਬੋਲਕੇ। ਦੁਖੜੇ ਸੁਣਾਵੇ ਨਾਥ ਜੀ ਨੂੰ ਖੋਲਕੇ। ਪੈਲਾਂ ਮੇਰੇ ਕੰਨੀਂ ਮੁੰਦਰਾਂਨੂੰ ਡਾਰ ਜੀ। ਫੇਰ ਮਾਰ ਕੈਂਚੀ ਬਾਲਾਂ ਨੂੰ ਉਤਾਰ ਜੀ। ਕੰਨ ਵਿਚ ਪਾ ਦੇ ਤੂੰ ਸੁਨੈਰੀ ਮੁੰਦਰਾਂ। ਕਾਨੂੰ ਬੈਠਾ ਛੇੜੇਂ ਤੂੰ ਧਿਙਾਣੇ ਖੁੰਦਰਾਂ। ਬਾਰ ਬਾਰ ਆਖਦਾ ਕਿਸ਼ੋਰ ਚੰਦਜੇ। ਰਾਂਝੇ ਉਤੇਨਾਥ ਹੋਗਿਆ ਅਨੰਦ ਜੇ॥ ਦੋਹਰਾ॥ ਛੁਰੀ ਗਡਤੀ ਕੰਨ ਮੇਂ ਮਨ ਮੇਂ ਗੁਰੂ ਚਿਤਾਰ। ਬੁਰਾ ਕਮੋਣਾ ਇਸ਼ਕ ਦਾ ਆਈ ਦੁਧਦੀ ਧਾਰ॥ ਕੋਰੜਾ ਛੰਦ॥ ਗੱਡ ਦਿਤੀ ਛੁਰੀ ਹੈ ਸ਼ਿਤਾਬ ਕੰਨ ਮੇਂ। ਫਿਰ ਗਈ ਤਾਰ ਚੇਲਿਆਂਦੇ ਤੰਨ ਮੇਂ। ਚੇਲੇ ਬਾਲਨਾਥ ਨੇ ਬਹੁਤ ਕੋੜਦੇ। ਛਡ ਚੇਲੇ ਟਿਲੇ ਨੂੰ ਤਮਾਮ ਦੌੜਦੇ। ਅਸਾਂ ਏਥੇ ਲਿਆ ਹੈ ਉਮਰ ਭੋਗ ਲੇ। ਕਲ ਚਲ ਆਯਾ ਅਜ ਦਿਤਾ ਜੋਗ ਲੇ। ਗੁਰੂ ਤਾਂਈ ਚੇਲੇ ਆਖਦੇ ਉਚਾਰ ਜੀ। ਸਾਂਭਲੇ ਟਿਲੇ ਨੂੰ ਚਲਿਆਭੰਡਾਰ ਜੀ। ਫੇਰ ਬਾਲਨਾਥ ਨੇ ਕੀਆ ਖਿਆਲਜੇ। ਝਾਕਿਆ ਉਤਾਹਾਂ ਅਖਾਂ ਕਰ ਲਾਲ ਜੇ। ਜੇੜ੍ਹਾ ਦੇਵੇ ਦੂਜੇ ਦਾ ਬਿਗਾੜ ਕਾਮ ਓਏ। ਓਸਦੇ ਨਸੀਬ ਨਾ ਬੈਕੁੰਠ ਧਾਮ ਓਏ। ਇਕ ਦਿਨ ਪੰਦਰਾਂ ਦਾ ਭੁਖਾ ਮਰਦਾ। ਕੋਲੇਖੜਾ ਦੂਜਾ ਨ ਤਰਸ ਕਰਦਾ। ਓਸ ਤਾਂਈ ਮਾਰ ਦੂ ਬਹੁਤ ਪਾਪ ਓਏ। ਉਤਰੂ ਕਦੇ ਨ ਮਨਾਂ ਕੀਤੇ ਜਾਪ ਓਏ। ਆਪਣਾ ਕਰਮ ਈਸ਼ਰ ਨੂੰ ਰਟਣਾ। ਕਾਮ ਤੇ ਕਰੋਧ ਨੂੰ

ਜਗ਼ਾਂ ਤੇ ਪਟਣਾ। ਕੋਲੇ ਆਣ ਬਸੇ ਉਸਨੂੰ ਉਜਾੜਨਾ। ਏਹ
ਤਾਂ ਬਚਾ ਕੀੜੀ ਤੇ ਕਟਕ ਚਾੜਨਾ। ਮਿਟੀ ਲਿਆ ਤੁਰਤ
ਮੁੰਦਰਾਂ ਬਨਾ ਦੇਓ। ਕੰਨੀ ਇਸ ਮੁੰਡੇ ਦੇ ਤੁਰਤ ਪਾਦੇਓ।
ਚੇਲੇ ਦੇਖ ਨੂਰ ਨੂੰ ਗਏ ਨੇ ਮੰਨ ਜੀ। ਫੇਰ ਨਹੀਂ ਕਿਸੇ
ਨੇ ਹਲਾਯਾ ਕੰਨ ਜੀ। ਇਕ ਚੇਲਾ ਗਿਆ ਹੈ ਸ਼ਤਾਬ
ਧਾਇਕੇ। ਮਿਟੀ ਗੁਰ ਤਾਲ ਤੋਂ ਲਿਆਯਾ ਜਾਇਕੇ।
ਮੁੰਦਰਾਂ ਬਨਾਕੇ ਹੈ ਰਾਂਝੇ ਦੇ ਪੌਣ ਜੀ। ਨਾਲੇ ਗੀਤ ਹਰੀ
ਦੇ ਤਮਾਮ ਗੌਣ ਜੀ। ਮੁੰਦਰਾਂ ਨੂੰ ਪਾਕੇ ਗੋਰਖ ਚਿਤਾਰਦੇ।
ਪਟੇ ਮਾਰ ਕੈਂਚੀ ਨੂੰ ਜੋ ਹੈਂ ਉਤਾਰਦੇ। ਬਾਲਨਾਥ ਕੋਲੇ
ਰਾਂਝੇ ਨੂੰ ਬਹਾਮਦਾ। ਜੋਗੀਆਂ ਦੀ ਰੀਤ ਕੁਲ ਸਮਝਾਂਵਦਾ।
ਜਿਸ ਵੇਲੇ ਮੰਤਰ ਕੰਨਾਂ ਚ ਦਸਿਆ। ਦੁਖ ਤੇ ਦਲਿਦਰ
ਤਮਾਮ ਨਸਿਆ। ਨਾਦ ਸਿੰਙੀ ਖਪਰੀ ਮਿਰਗ ਸ਼ਾਲਾ ਜੋ।
ਕੱਛ ਵਿਚ ਗੋਦੜੀ ਗਲੇ ਮੇਂ ਮਾਲਾ ਜੋ। ਪਿੰਡ ਵਿਚ ਜਾਕੇ
ਬੋਲਨਾ ਅਦੇਸ਼ ਨੂੰ। ਦੇਖੀਂ ਬਚਾ ਦਾਗ ਨਾ ਲਗਾਈਂ
ਭੇਸ ਨੂੰ। ਔਰਤਾਂ ਦੇ ਬਚਾ ਨਾ ਨਜੀਕ ਜਾਮਣਾ। ਮੰਗ
ਮੰਗ ਟੁਕੜਾ ਹਮੇਸ਼ ਖਾਮਣਾ। ਜਗ ਵਿਚ ਨਾਰਾਂ ਹੁੰਦੀਆਂ
ਸ਼ੈਤਾਨਣਾ। ਪੈਸੇ ਬਿਨਾਂ ਮਾਤ ਆਖਕੇ ਬਲਾਮਣਾ। ਗਿ
ਆਨ ਰੂਪੀ ਰੰਗ ਮੇਂ ਹਮੇਸ਼ ਨਾਮਣਾ। ਸੀਲ ਵਾਕ
ਮੁਖੋਂ ਸਭ ਨੂੰ ਸੁਨਾਮਣਾ। ਰੈਣਾ ਬਚਾ ਜਗ ਮੇਂ ਹਮੇਸ਼
ਜਤੀ ਓਏ। ਤਾਂ ਈ ਤੇਰੀ ਹੋਊ ਗੀ ਤੁਰਤ ਗਤੀ ਓਏ। ਕਿਸ਼ੋਰ
ਚੰਦਾ ਤਰਕਾ ਹਮੇਸ਼ ਰੰਗ ਜੋ। ਜਗ ਵਿਚ ਮੌਜ ਕਰ ਲੈ

ਨਸ਼ੰਗ ਜੋ॥ ਮੁਕੰਦ ਛੰਦ॥ ਚਾਰੇ ਵਿਸ਼ੇ ਤੇਰੇ ਕੀਤੇ ਮਨੋ ਦੂਰ ਜੀ। ਔਰਤਾਂ ਦਾ ਛਡਨਾ ਨਾਮਨਜ਼ੂਰ ਜੀ। ਨਾਰੀ ਆਂ ਦਾ ਛਡਣਾ ਜੇ ਤੂੰ ਉਚਾਰਦਾ। ਤੇਰੀ ਮੈਂ ਫਕੀਰੀ ਤੇ ਨਾ ਧਾਰ ਮਾਰਦਾ। ਗੋਦੜੀ ਤੇ ਤੂੰਬਾ ਆਲੈ ਸਾਂਭ ਆਪ ਜੋ। ਕੰਨ ਮੇਰੇ ਨਾਥ ਜੀ ਕਰੋ ਖਾਂ ਸਾਫ ਜੋ। ਨਹੀਂ ਸਰ ਕਾਰਚਿ ਹੁਣੇ ਤੂੰ ਫਸਦਾ। ਜੇ ਤੂੰ ਸਾਨੂੰ ਰੰਨਾਂਦਾ ਤਿਆਗ ਦਸਦਾ। ਇਕ ਹੀਰ ਕਾਰਨੇ ਮੈਂ ਜੋਗ ਧਾਰਿਆ। ਹੀਰ ਪਿਛੇ ਨਾਥਾ ਮਝੀਆਂਨੂੰ ਚਾਰਿਆ। ਹੋਰ ਗਲਾਂ ਤੇਰੀਆਂ ਜੋ ਮਨਜ਼ੂਰ ਜੀ। ਇਕਹੀਰ ਮੈਨੂੰ ਬਖਸ਼ੋਜਰੂਰਜੀ। ਨਾਥ ਕੈਂਹਦਾਸੀਲਜਾਟਦਿਤਾਜੋਗ ਓਏ। ਕਿਥੋਂ ਤੈਨੂੰ ਲਗਾ ਨਾਰੀਆਂਦਾਰੋਗਓਏ।ਪੈਲਾਂਨਾਲਸ਼ੌਂਕਦੇਮਗਰਪੈਗਿਆ। ਹੁਣ ਗਲਾਂ ਮਾੜੀਆਂ ਕਰਨ ਡੈਗਿਆ। ਇਕ ਨਾ ਤੈਂ ਮੰਨੀ ਮੈਂ ਬਥੇਰਾ ਰੋਕਿਆ। ਅਜੇ ਭੀ ਸਮਝਲੈ ਤੂੰ ਗਲ ਝੋਕਿਆ। ਨਾਥ ਨੇ ਭੀ ਰਾਂਝੇ ਨੂੰ ਬਹੁਤ ਤੰਨਿਆ। ਰਾਂਝੇ ਕੇਟਾ ਨਾਥ ਦਾ ਜਰਾ ਨਾ ਮੰਨਿਆ। ਗੁਰਾਂਤਾਂਈ ਰਾਂਝਣਾਂ ਖੜਾਉਚਾਰਦਾ। ਹੁੰਦਾ ਜੇ ਮਲੂਮ ਨਾ ਮੈਂ ਜੋਗ ਧਾਰਦਾ। ਨਾਥ ਤਾਂਈ ਕੀਤਾ ਹੈ ਬਹੁਤ ਦਿਕ ਜੋ। ਹੀਰ ਮੈਨੂੰ ਮਾਫ ਕਰ ਦੇਓ ਇਕ ਜੋ। ਹੋਰ ਨਾਰ ਹੋਵੇ ਜੇ ਪਰਮ ਪੁਤਰੀ। ਖੋਲਕੇ ਨਾ ਮਾਰਾਂ ਮੈਂ ਹਜਾਰ ਜੁਤਰੀ। ਫੇਰ ਰਾਂਝਾ ਮਿੰਨੇ ਤਾਂ ਕਰਨ ਡੈਗਿਆ। ਹਾਰਕੇ ਤੇ ਗੁਰਾਂਦੇ ਚਰਨਪੈਗਿਆ। ਹੀਰ ਦੇਓ ਬਖਸ਼ ਜਰੂਰ ਦਾਸ ਨੂੰ। ਇਕ ਹੀਰ ਪਿਛੇ

ਕਰ ਆਯਾ ਆਸ ਨੂੰ। ਨਾਥ ਕੈਂਦਾ ਹਾਰ ਕੇ ਤ ਫੇਰ ਭੌਰ ਨੂੰ। ਹੋਰ ਨਾਰ ਵਲ ਨਾ ਕਰੀਂ ਤੂੰ ਗੌਰ ਨੂੰ। ਹੀਰ ਦਿਤੀ ਤੈਨੂੰ ਦਰਗਾਹੋਂ ਮੰਗ ਜੋ। ਜਗ ਵਿਚ ਮੌਜ ਲੁਟ ਤੂੰ ਨਸ਼ੰਗ ਜੋ। ਰੰਨਾਂ ਸੋਹਣੀਆਂ ਦਾ ਨਾ ਖਿਆਲ ਕਰਨਾ। ਗਿਆਨ ਰੂਪੀ ਰੰਗ ਮੇਂ ਹਮੇਸ਼ ਤਰਨਾ। ਏ ਵੀ ਇਕ ਬਚਨ ਕਿਹਾ ਫਕੀਰਨੇ। ਸਵਾ ਜੋ ਪਹਿਰ ਸਿ-ਆਨਣਾ ਨਾ ਹੀਰ ਨੇ। ਆਗਿਆ ਗੁਰਾਂ ਤੋਂ ਲੈਕੇ ਉਠ ਜਾਮਦਾ। ਮੁਖਹੋਂ ਅਦੇਸ ਗੁਰਾਂ ਨੂੰ ਬੁਲਾਮਦਾ। ਗੋਰਖ ਚਿਤਾਰਕੇ ਟਿਲਨੂੰ ਤਜਿਆ। ਖੇੜਿਆਂਨੂੰ ਜੋਗੀਜਾਮਦਾਹੈ ਭਜਿਆ। ਕਿਸ਼ੋਰਚੰਦਾਰਾਂਝਣਾ ਰੋਹੀਮੇਂ ਆਮਦਾ। ਅਗੇ ਇਕ ਪਾਲੀ ਭੇਡਾਂ ਨੂੰ ਚਰਾਮਦਾਂ ॥ ਦੋਹਰਾ॥ ਰਾਂਝੇ ਤਾਂਈ ਦੇਖਕੇ ਪਾਲੀ ਕਰੇ ਬਿਚਾਰ। ਏ ਮਾਹੀ ਹੈ ਹੀਰ ਦਾ ਗਿਆ ਮਝਾਂ ਨੂੰ ਚਾਰ ॥ ਕੋਰੜਾ ਛੰਦ ॥ ਦੇਖਕੇ ਅਯਾਲੀ ਰਾਂਝੇ ਨੂੰ ਉਚਾਰਦਾ। ਪੁਛਣੇ ਦੀ ਨਾਲੇ ਹੈ ਦਲੀਲ ਧਾਰਦਾ। ਪੁਛਦਾ ਅਯਾਲੀ ਸਾਂਈ ਦਸ ਬਾਤ ਨੂੰ। ਅਜ ਕਿਥੇ ਕਰੋਗੇ ਨਵਾਸ ਰਾਤ ਨੂੰ। ਅਗੇ ਭੀ ਮੈਂ ਦੇਖਿਆ ਤੁਸਾਂਨੂੰ ਸਾਂਈ ਜੀ। ਸਾਨੂੰ ਗਲ ਸਚਦੀ ਸਾਂਈ ਸੁਨਾਂਈਂ ਜੀ। ਹੀਰ ਵਾਲਾ ਜਾਣੀ ਤੈਨੂੰ ਲਗਾ ਰੋਗ ਹੈ। ਤਾਂਈ ਮੀਆਂ ਤੁਸਾਂ ਧਾਰ ਲਿਆ ਜੋਗ ਹੈ। ਸੁਣ ਕੇ ਤੇ ਰਾਂਝਣਾ ਪੁਕਾਰਕਰਦਾ। ਨਾਲੇ ਚਿਤੋਂ ਪੀਰਾਂਦਾ ਧਿਆਨ ਧਰਦਾ। ਕੋੜੀ ਤੇਰੀ ਹੀਰ ਨਾ ਅਸਾਂ ਜੋ ਜਾਣੀਏ। ਨਾਮ

ਦੀ ਲੈਹਰ ਵਿਚ ਰੰਗ ਮਾਣੀਏ। ਜਿਥੇ ਪਵੇ ਰਾਤ ਅਸੀਂ ਓਥੇ ਕਟੀਏ। ਦਿਨੇ ਰਾਤ ਮਾਲਕ ਦਾ ਨਾਮ ਰਟੀਏ। ਜੰਗਲਾਂ ਦੇ ਵਿਚ ਕੀਜੀਏ ਨਿਵਾਸ ਜੀ। ਇਕ ਉਸ ਸਾਂਈ ਦੀ ਅਸਾਂ ਨੂੰ ਆਸ ਜੀ। ਬੋਲਦਾ ਅਯਾਲੀ ਰਾਂਝੇ ਨੂੰ ਪੁਕਾਰ ਕੇ। ਚੂਚਕ ਦੇ ਗਿਆ ਮਝੀਆਂ ਨੂੰ ਚਾਰਕੇ। ਬਾਰਾਂ ਵਰੇ ਮਝੀਆਂ ਚਰਾਈਆਂ ਸਿਆਲ ਨੇ। ਤੰਗ ਕੀਤਾ ਰਾਂਝਿਆ ਇਸ਼ਕ ਜਾਲ ਨੇ । ਆਪ ਆਇਓ ਖੇੜੇ ਤੈਨੂੰ ਪਿਛੇ ਛਡਕੇ। ਏਦੂੰ ਮਾਰ ਦਿੰਦੀ ਓਏ ਜਮੀਨ ਗਡ ਕੇ। ਮੇਰੇ ਕੋਲ ਕਾਸ ਨੂੰ ਤੂੰ ਝੂਠ ਬੋਲਦਾ। ਪਾਣੀ ਉਤੋਂ ਮਖਣ ਪਿਆ ਬਰੋਲਦਾ। ਰਾਂਝਾ ਕੇਂਦਾ ਅਸੀਂ ਹਾਂ ਫਕੀਰ ਦੂਰ ਦੇ। ਰੋਹੀ ਮੇਂ ਹਮੇਸ਼ ਸਾਂਈ ਨਾਦ ਪੂਰਦੇ। ਕਿਥੇ ਛੇੜੇ ਝੇੜੇ ਸਾਡੇ ਪਾਸ ਹੀਰ ਦੇ । ਕਈ ਬੰਦੇ ਹੁੰਦੇ ਇਕੋ ਤਸਵੀਰ ਦੇ। ਭੁਲ ਗਿਆ ਪਾਲੀਆ ਕੋਈ ਹੋਊ ਹੋਰ ਓਇ। ਸਾਨੂੰ ਹੀਰ ਜਟੀ ਦਾ ਬਨਾਵੇਂ ਚੋਰ ਓਇ। ਗੋਰਖ ਦਾ ਚੇਲਾ ਜਾਨ ਬਾਲ ਨਾਥ ਓਇ। ਓਸ ਗੁਰੂ ਤਾਂਈ ਮੈਂ ਨਵਾਵਾਂ ਮਾਥ ਓਏ। ਕਿਸ਼ੋਰ ਚੰਦਾ ਪਾਲੀ ਵੀ ਅਰਜ ਕਰਦਾ। ਕੜਾ ਕੜ ਬੋਲੇ ਨਾ ਜਰਾ ਵੀ ਡਰਦਾ॥ ਕੋਰੜਾ ਛੰਦ॥ ਨ੍ਹੇਰੀ ਰਾਤ ਵਿਚ ਲੁਕੇ ਨ ਮਸਾਲ ਓਏ। ਰੋੜੀ ਦੇ ਵਿਚ ਲੁਕਦੇ ਨਾ ਲਾਲ ਓਏ। ਸਿਪ ਵਿਚ ਮੋਤੀ ਨਾ ਕਦੇ ਭੀ ਛੁਪਦੇ। ਅਗ ਵਿਚ ਭਾਵੇਂ ਤੂੰ ਬਰੂਦ ਨਪ ਦੇ। ਤੋਤਿਆਂ ਦੇ ਵਿਚ ਤੂੰ ਲੁਕਾਵੇਂ ਮੋਰ ਨੂੰ। ਜਾਕੇ ਤੂੰ ਭੁਲਾਈਂ ਸਾਂਈ ਕਿਸੇ

ਹੋਰ ਨੂੰ। ਗਧਾ ਗਊ ਹੋਤ ਨਾ ਨੁਲ੍ਹਾਏ ਗੰਗ ਤੇ। ਲੁਕ ਦੇ ਕਦੇ ਨਾ ਆਸ਼ਕਤੇ ਮੰਗਤੇ। ਸਾਡੇ ਕੋਲੋ ਅਜ ਬਨਿਆ ਚਲਾਕਹੈਂ। ਬੋਲਦਾ ਕਿਉਂ ਝੂਠ ਹੀਰ ਵਾਲਾ ਚਾਕ ਹੈਂ। ਜਿਸ ਵੇਲੇ ਖੋਜੀ ਨੇ ਖੁਰੇ ਤੋਂ ਫੜਿਆ। ਚਿਤੋਂ ਲਾਕੇ ਪੀਰਾਂ ਦਾ ਧਿਆਨ ਖੜਿਆ। ਪੀਰਾਂ ਦੀਆਂ ਸਿਫਤਾਂ ਖੜਾ ਉਚਾਰਦਾ। ਕੌਣ ਮੇਟ ਦੇਵੇ ਭਾਣਾ ਕਰਤਾਰ ਦਾ। ਪੀਰਾਂ ਨੇ ਭੀ ਸੁਣਿਆਂ ਰਾਂਝੇ ਦੇ ਬੋਲ ਨੂੰ। ਭੇਜ ਦਿਤਾ ਸ਼ੇਰ ਰਾਂਝਣੇ ਦੇ ਕੋਲ ਨੂੰ। ਪਾਲੀ ਦੀਆਂ ਭੇਡਾਂ ਜੋ ਬਹੁਤ ਪਾੜੀਆਂ। ਔਡੋ ਅੱਡੀ ਕੀਤੀਆਂ ਬਹੁਤ ਫਾੜੀਆਂ। ਖੂਨ ਕਰ ਸ਼ੇਰ ਜੋ ਬਹੁਤ ਗਜਿਆ। ਤੋਬਾ ਤੋਬਾ ਕਰਦਾ ਅਯਾ-ਲੀ ਭਜਿਆ। ਦੂਰ ਖੜਾ ਪਾਲੀ ਮਿੰਨਤਾਂ ਗੁਜਾਰਦਾ। ਹੈਂ ਤੂੰ ਸਾਈਂ ਸਚਾ ਸਦੀਸਰਕਾਰਦਾ। ਭੁਲਕੇ ਗੁਰੂਜੀਛੇੜ ਲਿਆ ਆਪ ਨੂੰ। ਵਾਸਤੇ ਖੁਦਾ ਦੇ ਜੀ ਨਿਵਾਰ ਤਾਪਨੂੰ। ਵਾਸਤੇ ਜਾਂ ਦੇਖਿਆ ਬਹੁਤ ਪਾਮਦਾ। ਸੋਟਾ ਲੈਕੇ ਰਾਂਝਾ ਸ਼ੇਰ ਨੂੰ ਹਟਾਮਦਾ। ਸੀਸ ਕੋ ਨਿਵਾਇ ਦੌੜ ਗਿਆ ਸ਼ੇਰ ਹੈ। ਪਾਲੀ ਕੋਲੇ ਆਣ ਬੋਲਿਆ ਜੋ ਫੇਰ ਹੈ। ਭੁਲ ਕੇ ਅਸਾਂ ਨੇ ਛੇੜ ਲਿਆ ਤੁਝਕੋ। ਵਾਸਤੇ ਖੁਦਾਇ ਦੇ ਬਖਸ਼ ਮੁਝਕੋ। ਤੁਸੀਂ ਸਾਂਈ ਸਚੇ ਅਸੀਂ ਗੁਨਾਗਾਰ ਜੀ। ਬੇੜਾ ਮੇਰਾ ਅਜ ਤਾਂ ਲਗਾਓ ਪਾਰ ਜੀ। ਰਾਂਝਣੇਨੇ ਪੀਰਾਂ ਦਾ ਧਿਆਨਧਰਿਆ। ਕੁਲ ਭੇਡਸਾਰੀਨੂੰਸਬੂਤਕਰਿਆਕਰਾ ਮਾਤ ਪੀਰਾਂਦੀਰੰਝੇਟੇਵਿਚਜੋ: ਤਾਂਈ ਬਾਤ ਮੇਰੇਲਗਦੀਐ

ਚਿਤ ਜੋ। ਕਿਸ਼ੋਰ ਚੰਦਾ ਪਾਲੀ ਆਖਦਾ ਪੁਕਾਰ ਕੇ। ਮੌਜ ਲੁਟੋ ਸਾਂਈ ਵਿਚ ਸੰਨਸਾਰਕੇ॥ ਮੁਕੰਦ ਛੰਦ॥ਖੁਸ਼ੀ ਹੋਕੇ ਰਾਂਝਾ ਖੇੜਿਆਂ ਨੂੰ ਜਾਂਮਦਾ। ਖੇੜਿਆਂ ਦੇ ਖੂ ਤੇ ਆਸਨ ਲਗਾਂਮਦਾ। ਆਸਨ ਲਗਾਕੇ ਬੈਠਾ ਨਾਲ ਮੌਜ ਦੇ। ਪਾਣੀ ਨੂੰ ਭਰਨ ਨਾਰਾਂ ਵਾਂਗ ਫੌਜਦੇ। ਨਾਰਾਂ ਮੁਟਿ-ਆਰਾਂ ਪੂਰ ਕੇ ਘੜੋਲੇ ਨੇ। ਛਡਕੇ ਘੜੋਲੇ ਔਂਦੀਆਂ ਨੇ ਕੋਲੇ ਨੇ। ਪੁਛਨ ਫਕੀਰਾ ਤੇਰਾ ਕੌਣ ਦੇਸਵੇ। ਕੇੜੀਗਲੋਂ ਕੀਤਾ ਜੋਗੀਆਂਦਾ ਭੇਸ ਵੇ। ਕੋਈ ਕੁਛ ਕਹੇ ਕੋਈ ਕੁਛ ਆਖਦੀ। ਕੋਈ ਕਹੇ ਜੜ ਐਮੇਂ ਪਟੀ ਰਾਖਦੀ। ਕੋਈ ਕੈਂਦੀ ਏਤਾਂ ਚੂਚਕੇ ਦਾ ਚਾਕ ਨੀ। ਛਡ ਆਈ ਹੀਰ ਤਾਂ ਲਗਾਈ ਖਾਕ ਨੀ। ਕੋਈ ਕੈਂਦੀ ਨਾਰੀਆਂ ਤੋਂ ਰਬ ਡਰਿਆ। ਕੋਈ ਕੈਂਦੀ ਏਸ ਤੋਂ ਨਾ ਕੁਛ ਸਰਿਆ। ਕੋਈ ਕੰਦੀ ਕੱਡਕੇ ਲੈ ਜਾਂਦਾ ਹੀਰ ਨੂੰ। ਫੇਰ ਐਨੇ ਦੁਖ ਪੈਂਦੇ ਨਾ ਸਰੀਰ ਨੂੰ। ਆਪ ਆਈ ਖੇੜੇ ਏਨੂੰ ਦੁਖ ਡਾਲ ਕੇ। ਬਿਰੋਂ ਦੀ ਅਗਨ ਮੇ ਕਲੇਜਾ ਜਾਲਕੇ। ਗੋਰਾਜਿਹਾ ਰੰਗ ਪਤਲਾ ਸਰੀਰ ਹੈ। ਜਾਣੀ ਲਿਆ ਚੰਨਣ ਸੁਰਖ ਚੀਰ ਹੈ। ਮੋਤੀਆਂ ਸਮਾਨ ਹੈਂ ਸੋਹਣ ਦੰਦ ਨੀ। ਮਥੇ ਮੇਂ ਬਿਰਾਜੇ ਚੋਦਮੀਂ ਦਾ ਚੰਦ ਨੀ। ਹੀਰ ਪਿਛੇ ਖਾਕ ਹੈ ਲ-ਗਾਈ ਤਨ ਮੇਂ। ਡੋਬਿਆ ਸਰੀਰ ਨੀ ਵਿਚਾਰੋ ਮਨ ਮੇਂ। ਰਾਂਝਾ ਕੈਂਦਾ ਮੇਰਾ ਨੀ ਖਿਆਲ ਛਡੀਓ। ਕਰੋ ਨ ਮਖੌਲ ਛੋਟੀਓ ਤੇ ਬਡੀਓ। ਕਾਸ ਨੂੰ ਸਤਾਵੇ ਆਇਕੇ ਫਕੀਰ

ਨੂੰ। ਭਰਕੇਘੜੋਲੇ ਕਰਜੋ ਬਹੀਰਨੂੰ। ਕਦੇਅੱਖਮੀਚੇਕਦੇ ਲੈਂਦਾ ਪਟਓਇ। ਦੇਖਨ ਚੁਫੇਰੇ ਨਾਰਾਂ ਗਟ ਗਟਓਇ। ਭਰਲੋ ਘੜੋਲੇ ਨੀ ਸ਼ਿਤਾਬ ਜਾਇਕੇ। ਮੇਰੇ ਕੋਲੋਂ ਜਾਉ ਗੀਆਂ ਮਾਰ ਖਾਇਕੇ। ਅਸੀਂ ਜੋਗੀ ਨਾਰਾਂ ਤੇ ਬਹੁਤ ਸੰਗਦੇ। ਮਿਸਾ ਰੁਖਾ ਟੁਕ ਭੀ ਸਬਬੀਂ ਮੰਗਦੇ। ਕਿਸ਼ੋਰ ਚੰਦਾ ਹੋਰ ਛਡ ਜੋ ਰਿਹਾੜ ਨੀ। ਐਵੇਂ ਕਾਨੂੰ ਰਹੀਆਂ ਕੰਮਾਂ ਨੂੰ ਬਿਗਾੜ ਨੀ॥ ਦੋਹਰਾ॥ ਚਰਚਾ ਕਰਕੇ ਦੋ ਘੜੀ ਮਟਕੇ ਲਏ ਉਠਾਇ। ਪਿੰਡ ਵਿਚ ਸ਼ੋਰਾ ਪਾਂਦੀਆਂ ਨਾਰ ਸ਼ੈਤਾਨਾਂ ਜਾਇ॥ ਸਵੈਯਾ॥ ਸ਼ੋਰਾ ਪਿੰਡ ਮੇਂ ਆਣ ਕੇ ਪਾਇ ਦੀਆ ਸੋਹਣਾ ਸੁੰਦਰ ਸਾਂਬਰਾ ਜੋਗੀ ਜੋਆਯਾ। ਇਨੀ ਗਲ ਜੋ ਕੰਨ ਪਈ ਹੀਰ ਦੇ ਕੋਲੋਂ ਸਦ ਨਨਾਣ ਨੂੰ ਵਾਕ ਸੁਣਾਯਾ। ਮੈਨੂੰ ਦਸ ਨਨਾਣ ਕੁੜੇ ਸੈਤੀਏ ਕੇੜ ਰੰਗ ਕੁੜੇ ਕੇੜ੍ਹੇ ਦੇਸ ਤੇ ਧਾਯਾ। ਗਲੀ ਗਲੀ ਕੂਚੇ ਜੀਦਾ ਸ਼ੋਰ ਪਿਆ ਮੈਨੂੰ ਆਣ ਕਿਸ਼ੋਰ ਬਿਆਨ ਜਤਾਯਾ॥ ਸਵੈਯਾ॥ ਸੈਤੀਆਖਦੀ ਖੂਹਤੇਹੇ ਉਤਰਾ ਗੋਰਾਰੰਗ ਕੁੜੇਹੀਰੇ ਤੇਤੋਂ ਚੰਗੇਰਾ। ਜਦੋਂ ਹਸਦਾ ਫੁਲ ਕਿਰੇਂ ਮੁਖਸੇ ਰਤੀ ਝੂਠ ਨ ਮਾਨ ਕੁੜੇ ਭਾਬੀ ਮੇਰਾ। ਓਹਦਾ ਦੇਖ ਦੀਦਾਰ ਕਟੇ ਪਾਪ ਹੈ ਜੈਸੇ ਸੂਰਜ ਸੇ ਕਟ ਜਾਤ ਅੰਧੇਰਾ। ਮੇਰੇ ਦਿਲ ਮੈਂ ਸ਼ਕ ਕਿਸ਼ੋਰ ਚੰਦਾ ਜਾਣੀ ਰਾਂਝਣਾ ਯਾਰ ਦਿਸੇ ਮੈਨੂੰ ਤੇਰਾ॥ ਸਵੈਯਾ॥ ਜੋੜਾ ਡੋਲੀ ਨੂੰ ਛਡ ਗਿਆ ਪਿੰਡਮੈਂ ਓਹੀ ਧੂਸਵ ਤੇ ਸੋਟਾ ਦਿਸ ਰਿਹਾਹੈ। ਅਗੇ ਰਬ ਦੀਆਂ

ਰਬ ਜਾਣਦਾਏ ਮੈਤਾਂ ਤੇਰੇ ਤਾਂਈ ਸਚਬਾਕ ਕਹਿਆਹੈ। ਐਸਾ ਸੋਹਣਾ ਜਹਾਨ ਤੇ ਹੋਰ ਨਾਹੀ ਮੈਨੂੰ ਓਹੀ ਦਿਸੇ ਜੇੜਾ ਬਸਰਿਹਾ ਹੈ। ਕਿਸ਼ੋਰ ਚੰਦ ਸੁਰੰਗਦ ਮੁਰਾਦ ਦੀ ਹੈ ਜਾਣੀ ਵੰਨਨ ਦਾ ਬੂਟਾ ਨਿਸਰਿਆ ਹੈ ॥ ਸਵੈਯਾ ॥ ਸੁਣਕੇ ਤੁਨ ਸਾਂਗ ਲਗੀ ਹੀਰ ਦੇ ਕਹਿੰਦੀ ਵਾਸਤਾ ਰਬ ਦਿਖਾਣਿਦੇ ਕੇਰਾਂ। ਹਥਜੋੜ ਨਿਨਾਣਨੂੰ ਹੀਰ ਕਹੇ ਜਾਈਂ ਦੋੜ ਸ਼ਿਤਾਬ ਕਿਉਂ ਲਾਮਦੀ ਡੇਰਾਂ। ਮੈਨੂੰ ਬਿਰਹੋਂ ਫਿਰਾ ਕਨੇ ਹੈ ਭੰਨਿਆ ਓਦੇ ਨਾਮਦੀ ਸੈਤੀਏ ਤਸਬੀ ਫੇਰਾਂ। ਮੰਨ ਮੰਨ ਤੂੰ ਮੰਨ ਕਿਸ਼ੋਰਚੰਦਾ ਓਹਦੇ ਵਿਚ ਵਿਜੋਗ ਦੇ ਮਾਰਦੀ ਲੈਰਾਂ॥ ਕਬਿਤ ॥ ਨਨਦ ਮੰਨ ਗਲ ਨੂੰ ਲਾਮ ਦੀ ਨਹੀ ਪਲ ਨੂੰ ਗਈ ਰੰਝੇਟੇ ਵਲ ਨੂੰ ਪੈਰ ਨੂੰ ਜੋ ਉਠਾ ਇਕੇ। ਚੁਕੇ ਅਡੀ ਨੇ ਸ਼ਤਾਬੀ ਨਾਲ ਰੰਗ ਸੀ ਗੁਲਾਬੀ ਜੈਸੇ ਜਗਦੀ ਮਤਾਬੀ ਹੈ ਚਲੀ ਸ਼ੰਗਾਰ ਲਾਇਕੇ। ਰੂਪ ਮੇ ਭਰਪੂਰ ਹੈ ਬਰਸੇ ਮਥੇ ਨੂਰਹੈ ਗਿਰਦੇ ਜੋ ਜਰੂਰ ਹੈ ਜਨੌਰ ਗਸ਼ ਖਾਇਕੇ। ਅਖਾਂ ਨੂੰ ਜਾਂ ਝਮਕਦੀ ਦਾਮਨੀ ਜਿਉਂ ਦਮਕਦੀ ਧਰਤੀ ਹੈ ਧਮਕਦੀ ਜਾਮਦੀ ਜੋਰ ਲਾ ਇਕ॥ ਕਬਿਤ ॥ ਰਾਂਝੇ ਦ ਗਈ ਕੋਲ ਹੈ ਮਿਠਾ ਜੋ ਬੋਲੇ ਬੋਲ ਹੈ ਬੋਲ ਸਮਾਨ ਕੋਲਹੈ ਆਖਦੀ ਹਥਜੋੜਕੇ। ਆਖਦੀ ਹਥ ਬੰਨ ਵੇ ਸੁਣੀ ਤੂੰ ਲਾਕੇ ਕੰਨਵੇ ਕਹਿਣਾ ਤੂੰ ਮੇਰਾ ਮੰਨਵੇ ਚਲ ਤੂੰ ਖੇਟ ਛੋੜਕੇ। ਪਿੰਡ ਮੇ ਕਰ ਵਾਸਤੂੰ ਹੋਯਾਹੈਂ ਕਿਉਂ ਉਦਾਸ ਤੂ ਰਹੇਂ ਜੋ ਸਾਡੇਪਾਸਤੂੰ ਕਹਾਂ ਨਾ

ਝੂਠ ਰੋਜ਼ੰਕ । ਤਕੀਏ ਰਹੋ ਮਲੰਗਦੇ ਤੁਸੀ ਕਿਉਂ ਸਾਈਂ
ਸੰਗਦੇ ਕਹੇ ਕਿਸ਼ੋਰ ਚੰਦ ਦੇ ਰੰਝੇਟਾ ਕਹੇ ਮੋੜਕੇ ॥
ਕਬਿਤ॥ ਸੁਣਕੇ ਅਰਜ ਫੇਰ ਰਾਂਝਣਾ ਪੁਕਾਰ ਕਰੇ
ਅਸੀ ਵਿਚ ਜੰਗਲਾਂ ਦੇ ਕੀਜੀਏ ਨਿਵਾਸ ਨੀ। ਪਿੰਡ
ਵਿਚ ਜਾਵਣੇਦੀ ਜੋਗੀਆਂ ਨੂੰ ਲੋੜਨਹੀ ਆਪੇ ਦੇਊ ਅੰਨ
ਜਿਸਨੇ ਹੈ ਪਾਏ ਸਾਸਨੀ। ਜਾਹ ਤੂੰ ਘਰ ਆਪਣੇ ਕਿਉਂ
ਅਸਾਂ ਨੂੰ ਸਤਾਇ ਰਹੀ ਔਰਤਾਂ ਦੇ ਨਾਲ ਨਹੀ ਕੀਜੀਏ
ਬਿਲਾਸ ਨੀ। ਲਗੂ ਜਦੋਂ ਭੁਖ ਟੁਕ ਮੰਗਾਂਗੇ ਕਿਸ਼ੋਰ
ਚੰਦਾ ਬਿਨਾ ਭੁਖ ਟੁਕ ਹੈ ਅਸਾਨੂੰ ਜਾਣ ਘਾਸ ਨੀ ॥
ਦੋਹਰਾ ॥ ਮੰਨ ਅਰਜ ਤੂੰ ਜੋਗੀਆ ਕਹਾਂ ਸਰਨ ਮੈ ਆਇ।
ਚਲ ਨਗਰ ਮੇਂ ਬਾਸ ਕਰ ਦੇਰ ਮੂਲ ਨਾ ਲਾਇ॥ ਕੋਰੜਾ
॥ ਮਿੰਨਤਾਂ ਕਰੇਂਦੀ ਸੈਤੀ ਨਹੀ ਮੰਨਿਆਂ । ਸੈਤੀ ਨੇ ਭੀ
ਰਾਂਝੇ ਨੂੰ ਬਹੁਤ ਤੰਨਿਆਂ। ਅਸੀ ਰਹੀਏ ਨਾਰਤੇ ਬਹੁਤ
ਸੰਗਦੇ। ਇਕ ਓਸ ਮਾਲਕ ਦਾ ਨਾਮ ਮੰਗਦੇ। ਓਸਦਾ
ਹਮੇਸ਼ਾ ਕਰਨਾਂਹੇ ਜਪਨੀ। ਲੂੰਮੜੀਦੇ ਵਾਂਗ ਕਾਹਨੂੰ ਰਹੀ
ਫਪ ਨੀ। ਦੋੜ ਜਾ ਘਰਾਂ ਨੂੰ ਕਿਉਂ ਮਚਾਯਾ ਜੰਗ ਨੀ ।
ਕਰਦੀ ਅਸਾਨੂੰ ਕਿਉਂ ਧੰਗਾਣੇ ਤੰਗ ਨੀ। ਹਾਰ ਕੇਤੇ
ਨਾਰ ਮੁੜ ਆਈ ਘਰਨੂੰ। ਰਾਂਝਾਬੈਠਾ ਜਪਦਾ ਰਿਹਾਸੀ
ਹਰਨੂੰ। ਹੀਰਤਾਈਂ ਸੈਤੀ ਆਖਦੀ ਪੁਕਾਰਕੇ। ਤੁਰਿਆ
ਨਾ ਜੋਗੀ ਉਠ ਆਈ ਹਾਰਕੇ। ਆਖਿਆ ਬਥੇਰਾ ਓਹ
ਜਰਾ ਨਾ ਮੰਨਿਆ। ਕਿਥੋਂ ਭੇਜੀ ਜਾਕੇ ਓਹ ਭੈੜੀ ਨੰਨਿ

ਆਂ । ਮੰਗਣੇ ਜਾਂ ਆਊ ਤਾਂ ਦਿਖਾਊਂ ਰੈਗਨੀ । ਓਹਦੇ ਨਾ
ਲ ਭਾਬੀਏ ਮਚਾਊਂ ਜੰਗਨੀ । ਗਲ ਸੁਣ ਹੀਰ ਹੈ ਖਾਮੋ
ਸ਼ ਹੋਗਈ । ਹੀਰਦੇ ਜਿਗਰ ਤੀਰ ਨੂੰ ਪਰੋ ਗਈ । ਕਿਸ਼ੋ
ਰ ਚੰਦ ਇਸ਼ਕ ਕਲੇਜਾ ਸਲਿਆ । ਉਧਰੋਂ ਭੀ ਰਾਂਝਣਾਂ
ਮੰਗਣ ਚਲਿਆ ॥ ਕੋਰੜਾ ਛੰਦ ॥ ਖੇੜਿਆਂ ਨੂੰ ਚਲਿ
ਆ ਮੰਗਣ ਤੋਰਜੀ । ਜੋਗੀਆਂ ਦਾ ਕੀਤਾ ਰਾਂਝਣੇ ਨੇ
ਤੌਰਜੀ । ਪਿੰਡ ਉਤੇ ਚਲਿਆ ਬਿਭੂਤ ਲਾਇਕੇ । ਮਨ
ਵਿਚ ਨਾਲੇ ਗੋਰਖ ਮਨਾਇਕੇ । ਪਹਿਲਾਂ ਪਿੰਡ ਵੜਦੇ
ਆਦੇਸ ਬੋਲਦਾ । ਹੀਰਦੇ ਦੀਦਾਰ ਨੂੰ ਫਿਰਤ ਟੋਲਦਾ ।
ਰਾਂਝਣੇ ਨੂੰ ਨਗਰ ਮਖੌਲ ਕਰਦਾ । ਕੀਤਾ ਨਾ ਗਿਆ ਜੋ
ਏਤੋਂ ਕੰਮ ਘਰਦਾ । ਤਾਹੀਂ ਉਠ ਹੌਰ ਹੋਗਿਆ ਫਕੀਰ
ਜੀ । ਸੁੰਦ੍ਰ ਸਰੂਪ ਪਤਲਾ ਸਰੀਰਜੀ । ਭਾਵੇਂ ਦੀ ਸਹਾਰੀ
ਨਾ ਗਈਹੈ ਧੁਪ ਜੋ । ਰਾਂਝਣੇਨੇ ਇਕੋ ਵਟ ਛਡੀ ਚੁਪ ਜੋ ।
ਜਿਸ ਘਰ ਜਾਵੇ ਹੈ ਮਖੌਲ ਕਰਦੇ । ਹੁੰਦੀਆਂ ਇਚਾਰਾ
ਵਿਚ ਘਰਘਰਦੇ । ਮੰਗਿਆ ਚੌਫੇਰਾ ਅਲਖ ਜਗਾਇਕੇ ।
ਹੌਲੀ ਹੌਲੀ ਪਹੁੰਚਿਆ ਅਜੂਦੇ ਜਾਇਕੇ । ਬੋਲ ਕੇ ਅਦੇ
ਸ ਮੂੰਹੋਂ ਖੈਰ ਮੰਗਿਆ । ਨਾਲੇ ਰਾਂਝਾ ਮਨਮੇ ਰਤੀਕੁ ਸੰ
ਗਿਆ । ਹੀਰਦੀ ਨਣਾਨ ਦੇਖ ਸੋਚੀ ਗਲਜੋ । ਹਾੜੇ ਕਢੇ
ਏਸਦੇ ਬਦੇਰੇ ਕੱਲ ਜੋ । ਵੇਖਕੇ ਤੇ ਤੌਰ ਬੋਲਦੀ ਹੈ ਨਾਰ
ਜੋ । ਵੇਲ੍ਹਾ ਹਥ ਨਹੀਂ ਆਖਦੀ ਉਚਾਰਜੋ । ਜੋਗੀ ਤਾਈਂ
ਸੈਹਤੀ ਆਖਦੀ ਸੁਣਾਇਕੇ । ਅਗਲਾ ਦੁਵਾਰਾ ਕੋਈ

ਮੰਗ ਜਾਇਕੇ। ਰਾਂਝਾ ਕਹਿੰਦਾ ਫਕਰਾਂ ਨੂੰ ਹਥ ਜੋੜੀਏ।
ਖਾਲੀ ਘਰੋਂ ਮੰਗਤਾ ਕਦੇ ਨਾ ਮੋੜੀਏ । ਮੰਗਣੇ ਗਿਆ
ਹੈ ਸੋ ਗਿਆ ਹੈ ਮਰ ਨੀ। ਦੇਖ ਮੇਰੀ ਬਾਤ ਮੇਂ ਧਿਆ
ਨ ਧਰਨੀ। ਗਾਹਾਂ ਲਖ ਲਾਨਤ ਹੁੰਦੇ ਤੇ ਮੁਕਰੇ। ਪਾਦੇ
ਮੁਠ ਚੀਣੇਦੀ ਜਾਂ ਬਾਸੀ ਟੁਕਰੇ। ਸੈਹਤੀ ਕਹਿੰਦੀ ਜੋਗੀ
ਆ ਤੂੰ ਸੁਣ ਗੱਲਵੇ। ਆਗਿਆ ਤੂੰ ਕੰਨ ਪੜਵਾਕੇ ਕਲ
ਵੇ। ਸਾਡੇ ਬੂਹੇ ਕਾਸਨੂੰ ਤੂੰ ਖੜਾ ਅੜਕੇ। ਪਿਛੇ ਜਾਣੇ
ਆਯਾ ਵੇ ਕਿਸੇ ਥਾਂ ਲੜਕੇ। ਏਥੋਂ ਜਾਈਂ ਚੁਕਕੇ ਤੁਰਤ
ਪੈਰ ਨੂੰ। ਅਸੀ ਨਹੀਂ ਪਾਵਣਾ ਕਦੇ ਭੀ ਖੈਰਨੂੰ। ਰਾਂਝਾ
ਕਹਿੰਦਾ ਰਜਿਆ ਦੁਵਾਰਾ ਜਾਣਕੇ। ਤਾਹੀ ਕੀਤਾ ਅਸਾਂ
ਨੇ ਸਵਾਲ ਆਣਕੇ। ਦਿਸਦੀ ਸੁਲਖਣੀ ਤੂੰ ਨੇਕ ਘਰ
ਦੀ। ਆਜਜ਼ਾਂਦੇ ਉਤੇ ਕਿਉਂ ਕਹਿਰ ਕਰਦੀ। ਪਾਦੇ ਮੁਠ
ਚੀਣੇ ਦੀ ਅਗੇ ਸਿਧਾਰੀਏ। ਦੇਵੇਂ ਕਿਉਂ ਜਵਾਬ ਕਰਮਾਂ
ਦੀ ਮਾਰੀਏ। ਫੇਰ ਕਹਿੰਦੀ ਸੈਹਤੀ ਰਾਂਝਣੇ ਨੂੰ ਅਕਕੇ।
ਮਾਰਾਂ ਜਾਣੀ ਘੋਟਣਾ ਹੁਣੇਹੀ ਚਕਕੇ। ਬੋਲਦਾ ਕੁਫਰ ਵੇ
ਜਰਾ ਨਾ ਸੰਗਦਾ। ਜਾਣੀਕੋਲ ਪੀਤਾਵੇ ਧਤੂਰੇ ਭੰਗਦਾ।
ਕਰ ਹੋਸ਼ ਬੁਝੜਾ ਅਸਾਂਨੂੰ ਬੋਲਵੇ। ਤੇਰੇ ਕੇੜਾ ਖੜਾਹੈ ਕਰ
ਮ ਕੋਲਵੇ। ਭਾਬੀਮੇਰੀ ਕੋਲੇ ਪਈਹੈ ਬਿਮਾਰਵੇ। ਬੋਲੇਂ
ਤੂੰ ਉਚੇਰਾ ਮੂਰਖ ਗਵਾਰਵੇ। ਕਾਹਨੂੰ ਸਾਡੇ ਨਾਲ ਤੈਂ
ਮਚਾਯਾ ਸ਼ੋਰਵੇ। ਮੰਗ ਲੈ ਦੁਵਾਰਾ ਕੋਈ ਜਾਕੇ ਹੋਰਵੇ।
ਬੋਲਦਾ ਹੈ ਰਾਂਝਾ ਤੂੰ ਸਮਝ ਕਰਨੀ। ਦੇਖ ਤੇਰੇ ਪਈ ਹੈ

ਬਿਮਾਰ ਘਰਨੀ । ਕੀਜੀਏ ਇਲਾਜ ਅਸੀਂ ਏਦਾ ਝਟਨੀ। ਰੋਗ ਤੇਰੀ ਭਾਬੀਦਾ ਦਿਆਂ ਮੈਂ ਕੱਟਨੀ । ਬੂਟੀਆਂ ਦੇ ਨਾਲ ਤੋੜ ਦਿਆਂ ਰੋਗ ਨੂੰ। ਸਚ ਕਰ ਜਾਣ ਮੈਂ ਨਿਵਾਰਾਂ ਸੋਗਨੂੰ। ਵੈਦਕ ਕਿਤਾਬਾਂਨੀ ਬਹੁਤ ਜਾਣੀਏ। ਸਾਡੀ ਆ ਚਸ਼ਮ ਪਰ ਬੈਠ ਰਾਣੀਏ। ਕਿਸ਼ੋਰ ਚੰਦਾ ਰੋਗ ਤਾਈਂ ਕਰਾਂ ਚੂਰ ਨੀ। ਦੁਖ ਥੋੜੇ ਘਰਦਾ ਕਰੂੰਗਾ ਦੂਰ ਨੀ । ਕੋਰੜਾ ਛੰਦ ॥ ਸੈਹਤੀ ਕਹਿੰਦੀ ਅੜੀਆਂ ਤੂੰ ਖੜਾ ਬੰਨ ਵੇ। ਕੱਲ ਪੜਵਾਕੇ ਤਾਜ਼ੇ ਆਯਾ ਕੰਨਵੇ। ਤੈਂਕੀ ਭਲਾ ਵੈਦਕ ਕਤਾਬਾਂ ਦੇਖੀਆਂ। ਕਾਹਨੂੰ ਮਾਰੇਂ ਜੋਗੀਆ ਮੁਫਤ ਸ਼ੇਖੀਆਂ। ਬੋਲਦੀਹੈ ਹੀਰ ਕੋਲੋਂ ਨਾਲਜ਼ੋਰਦੇ। ਪਾਕੇ ਮੁਠ ਚੀਣੇ ਦੀ ਜੋਗੀ ਨੂੰ ਤੋਰਦੇ। ਕਾਹਨੂੰ ਪਾਈ ਸੈਹਤੀਏ ਧਿਗਾਣੇ ਖੱਪਨੀ। ਪਾਦੇ ਮੁਠ ਚੀਣੇਦੀ ਰਹੀ ਕਿਉਂ ਟਪ ਨੀ। ਸੈਹਤੀ ਕਹਿੰਦੀ ਗੋਲੀ ਨੂੰ ਸ਼ਿਤਾਬ ਉਠਨੀ। ਸੁਟ ਦੇ ਅੜਬ ਨੂੰ ਚੀਣੇ ਦੀ ਮੁਠ ਨੀ। ਸੁਣਕੇ ਰਵੇਲ ਗੋਲੀ ਝਟ ਆਂਵਦੀ। ਮੁਠੇ ਭਰ ਰੋਲੀ ਚੀਣੇ ਦੀ ਲਿਆਂਵਦੀ। ਗੋਲੀ ਕੈਂਹਦੀ ਲੈਵੇ ਫੜ ਖੈਰ ਅੰਨਿਆਂ। ਪੌਣ ਲਗੀ ਖੈਰ ਹਥੋਂ ਕਾਸਾ ਭੰਨਿਆਂ। ਬੂਹੇ ਵਿਚ ਬੈਠਾ ਲੱਤਾਂ ਨੂੰ ਪਸਾਰਕੇ। ਨਾਲੇ ਸੀ ਧਿਆਨ ਵਿਚ ਹੀਰ ਨਾਰਕੇ। ਕਾਸਾ ਕਾਹਨੂੰ ਭੰਨਿਆਂ ਤੈਂ ਮੈਨੂੰ ਪਟਿਆ। ਦਸ ਕਾਸਾ ਭੰਨਕੇ ਨਫਾ ਕੀ ਖਟਿਆ। ਕਰਾਮਾਤੀ ਕਾਸਾ ਭੰਨ ਕੀਤਾ ਚੂਰ ਨੀ। ਮਾਰ ਮਾਰ ਜੁਤੀਆਂ ਉਡਾਂਦਿਆਂ ਨੂਰਨੀ।

ਕਾਸੇ ਪਿਛੇ ਕਾਸਨੂੰ ਮਚਾਯਾ ਸ਼ੋਰਵੇ। ਆਹਲੈ ਇਕ ਪੈਸਾ ਕਾਸਾ ਲੈਲੈ ਹੋਰਵੇ। ਕਰਾਮਾਤੀ ਹੋਵੇਂ ਕਾਹਨੂੰ ਫਿਰੇਂ ਮੰਗਦਾ। ਮੇਰੇ ਨਾਲ ਕੀਤਾ ਵੇ ਸਮਾਨ ਜੰਗਦਾ। ਦਸਦਾਹੈਂ ਜੱਤੀਆਂ ਅਸਾਂਨੂੰ ਲੁਚਿਆ। ਕੀਤਾ ਹੈ ਪਖੰਡ ਵੇ ਗਲ੍ਹਾਂਚ ਉਚਿਆ। ਮਾਰ ਮਾਰ ਤੇਰੇ ਮੈਂ ਉਡਾਵਾਂ ਦੰਦਵੇ। ਫੇਰ ਹੋਵੇਂ ਬੋਲਣੇਂ ਤੁਰਤ ਬੰਦਵੇ। ਕਿਸ਼ੋਰ ਚੰਦਾ ਸਾਥੋਂ ਹੋਰ ਲੈਜਾ ਖੈਰਵੇ। ਦੌੜਜਾ ਸ਼ਿਤਾਬੀ ਤੂੰ ਉਠਾਕੇ ਪੈਰਵੇ॥

ਕੋਰੜਾ ਛੰਦ ॥ ਹੋਇਕੇ ਕਰੋਧ ਰਾਂਝਾ ਕਹੇ ਨਾਰ ਨੂੰ। ਪਾਪਣੇ ਨਾ ਕੀਤੀ ਤੈਂ ਜ਼ਰਾ ਵਿਚਾਰਨੂੰ। ਕਢਦਾਹੈ ਗਾਲ੍ਹਾਂ ਤੇ ਕੁਫਰ ਤੋਲਦਾ। ਸ਼ੇਰ ਵਾਂਗ ਖੜਕੇ ਬੂਹੇ ਤੇ ਬੋਲਦਾ। ਭੰਨਦੀ ਨਾ ਕਾਸਾ ਭਾਮੰ ਮੈਨੂੰ ਭੰਨਦੀ: ਜਾਣੀ ਮਾਰ ਝੰਡ ਮੈਂ ਬਠਾਮਾਂ ਰੰਨ ਦੀ। ਸੈਹਤੀ ਔਰ ਗੋਲੀ ਨੇ ਰਾਂਝੇ ਨੂੰ ਫੜਿਆ। ਸੈਤੀ ਨੇ ਘਸੁੰਨ ਹੈ ਬਖੀਚ ਜੜਿਆ। ਮਾਰ ਮਾਰ ਦੋਹਾਂ ਨੇ ਹਲਾਲ ਕਰਿਆ। ਕੁਟਿਆ ਬਥੇਰਾ ਜੋ ਦੋਹਾਂ ਤੇ ਸਰਿਆ। ਮਾਰ ਕੁਟ ਖਾਕੇ ਬੂਹਾ ਛੱਡ ਚਲਿਆ। ਰੋਂਦਾ ਜ਼ਾਰੋ ਜ਼ਾਰ ਨਹੀਂ ਜਾਵੇ ਝਲਿਆ। ਲਿਖੀ ਤਕ ਦੀਰ ਨੂੰ ਹਟਾਵੇ ਕੌਣ ਜੀ। ਸੀਤਾ ਪਿਛੇ ਬੰਸਨੂੰ ਗਵਾਯਾ ਰੌਣ ਜੀ। ਹੋਰ ਭੀ ਹਜਾਰ ਜੋ ਖਰਾਬ ਹੋਗਏ। ਅੰਤ ਖਾਕ ਵਿਚ ਸਾਰੇ ਹੀ ਸਮੋ ਗਏ। ਭੁਜਿਆ ਸਰੀਰ ਹੀਰ ਦੇ ਬੈਰਾਗ ਮੇਂ। ਕੀਤਾ ਜਾ ਨਿਵਾਸ ਵਿਚ ਕਾਲ੍ਹੇ ਬਾਗ ਮੇਂ। ਗੋਰਖ ਚਿਤਾਰ ਧੂਏਂਨੂੰ ਧੁਖਾ ਲਿਆ। ਭਾਣਾ

ਮੰਨ ਸਿਰ ਹਰਖ ਗਵਾਲਿਆ। ਕਿਸ਼ੋਰ ਚੰਦ ਧੂਆਂ ਧੁਖੇ ਨਾਲ ਜ਼ੋਰਦੇ। ਏਥੇ ਹੁਣ ਹੋਰ ਪਰਸੰਗ ਤੋਰਦੇ॥ ਦੋਹਰਾ ॥ ਵੀਰਵਾਰ ਕੇ ਦਿਨ ਬਿਖੇ ਸਈਆਂ ਸਜੇ ਭੰਡਾਰ। ਖੇਡਨ ਗਈਆਂ ਬਾਗਮੇਂ ਸੋਲਾਂ ਲਾਇ ਸ਼ੰਗਾਰ॥ ਮੁਕੰਦ ਛੰਦ ॥ਅਗੇਪਿਛੇ ਬਾਂਦੀਆਂ ਤਮਾਮਨਠੀਆਂ। ਬਾਗਬਿਚ ਬੜੀਆਂ ਤਮਾਮ ਪੱਠੀਆਂ। ਕਈ ਤੌਰ ਖੇਡਨ ਖੁਸ਼ੀ ਦੇ ਨਾਲ ਜੀ। ਜੋਗੀ ਬਲ ਕੀਤਾ ਨਾਰਾਂ ਨੇ ਖਿਆਲ ਜੀ। ਰਾਂਝਣੇ ਦੇ ਬੈਠੀਆਂ ਨਜੀਕ ਆਣਕੇ। ਕਰਨ ਮਖੌਲ ਭੋਲਾ ਜਿਹਾ ਜਾਣਕੇ। ਨਾਰਾਂ ਬਲ ਦੇਖਕੇ ਬਹੁਤ ਕੌੜ ਦਾ। ਫੌੜੀ ਫੜ ਨਾਰਾਂਦੇ ਮਗਰਦੌੜਦਾ। ਹੀਰਦੇ ਕਬੀਲੇ ਵਿਚੋਂ ਕੁੜੀ ਫੜਲੀ। ਪੈਲਾਂ ਫੌੜੀ ਮੌਰਾਂ ਦੇ ਵਿਚਾਲੇ ਜੜ ਲੀ। ਪੰਜ ਸਤ ਹੋਰਾਂ ਦੇ ਲਗਾਈਆਂ ਫੌੜੀਆਂ। ਕੌਲਾਂ ਕਲੀ ਰਹੀ ਹੋਰ ਕੁਲ ਦੌੜੀਆਂ। ਕੌਲਾਂ ਤਾਈਂ ਪੁੱਛੇ ਰਾਂਝਾ ਦਸ ਨਾਮ ਨੀ। ਹੋਰ ਤੈਨੂੰ ਮਾਰਨਾ ਮੈਨੂੰ ਹਰਾ ਮਨੀ। ਆਖਦੀ ਬਚਾਰੀ ਮੇਰਾ ਕੌਲਾਂ ਨਾਮ ਵੇ। ਮਾਰ ਭਾਵੇਂ ਛਡ ਮੈਂ ਤੇਰੀ ਗੁਲਾਮ ਵੇ। ਅੱਜੂ ਚੌਧਰੀ ਦੇ ਪਾਸ ਮੇਰਾ ਘਰਵੇ। ਹੀਰ ਮੇਰੀ ਚਾਚੀ ਹੈ ਬਿਆਹੀ ਪਰ ਵੇ। ਮੈ ਤਾਂ ਤੈਨੂੰ ਜੋਗੀਆ ਲਿਆ ਪਛਾਨ ਵੇ। ਹੀਰ ਪਿਛੇ ਦੁਖੀ ਕੀਤੇ ਤੈਂ ਪਰਾਨ ਵੇ। ਹਥ ਜੋੜ ਰਾਂਝਣ ਉਚਾਰੇ ਨਾਰਨੂੰ। ਵਾਸਤੇ ਖੁਦਾਦੇ ਮੰਨਲੈ ਪੁਕਾਰਨੂੰ। ਹੀਰ ਤਾਈਂ ਕਹੀਂ ਮੇਰੀ ਬਲੌਂ ਜਾਇਕੇ। ਘਰ ਆਯਾ ਰਾਂਝਾ ਕਢਿ

ਆ ਕੁਟਾਇਕੇ। ਰਬ ਬਾਝੋਂ ਓਦੀ ਕੌਨ ਲਏ ਸਾਰ ਨੀ। ਬਾਗ ਵਿਚ ਬੈਠਾ ਰੋਂਦਾ ਜ਼ਾਰੋ ਜ਼ਾਰਨੀ। ਏਤਨਾ ਹਵਾਲ ਹੀਰ ਨੂੰ ਸੁਣਾਵਣਾ। ਫੇਰ ਕਹੀਂ ਕਲਨੂੰ ਹੈ ਤੁਰ ਜਾਵਣਾ। ਕੌਲਾਂ ਕੈਂਦੀ ਆਖਾਂ ਜਾਇਕੇ ਜਰੂਰ ਵੇ। ਤੇਰੇ ਮੇਰੇ ਵਿਚ ਜਾਮਨ ਗਫੂਰ ਵੇ। ਏਨੀ ਗਲ ਸੁਣਕੇ ਤੁਰਤ ਜਾਮਦੀ। ਜਾਕੇ ਘਰ ਹੀਰ ਨਛੀਨੂੰ ਸੁਣਾਮਦੀ। ਸੁਣਗਲ ਚਾਚੀਏ ਧਿਆਨ ਲਾਇਕੇ। ਰਾਂਝਾ ਘਰਆਇਆ ਤੇਰਿਆ ਕੁਟਾਇਕੇ। ਤੇਰੇ ਪਿਛੇ ਓ ਤਾਂ ਹੋਗਿਆ ਫਕੀਰ ਨੀ। ਮਾਰ ਮਾਰ ਜੁਤ ਭੰਨਿਆ ਸਰੀਰ ਨੀ। ਤੁਰ ਜਾਣਾ ਕਲ ਨੂੰ ਜਰੂਰ ਓਸਨੇ। ਤੇਰਾ ਕੀ ਬਿਗਾੜ ਦਿਤਾ ਸੀ ਬਦੋਸ਼ ਨੇ। ਜਿਸ ਵੇਲੇ ਕੌਲਾਂਨੇ ਹਵਾਲ ਦਸਿਆ। ਜਾਣੀ ਕਾਲਜੇਦੇ ਵਿਚ ਤੀਰਧਸਿਆ। ਕਿਸ਼ੋਰਚੰਦਾ ਦਸਿਆ ਹਵਾਲਕੁਲ ਜੀ। ਹੋਰ ਗਲਾਂ ਹੀਰ ਸਭ ਗਈ ਭੁਲ ਜੀ॥ ਦੋਹਰਾ॥

ਕੌਲਾਂ ਗਲ ਸੁਣਾਇਕੇ ਗਈ ਘਰਾਂ ਦੀ ਵਲ। ਸੈਤੀ ਨੂੰ ਕਹੇ ਹੀਰ ਅਬ ਸੁਣੀ ਨਣਾਨੇ ਗਲ॥ ਕੋਰੜਾ ਛੰਦ॥ ਕਲ ਘਰ ਆਯਾ ਜੋ ਨਣਾਨੇ ਆਪਣੇ। ਓ ਤਾਂ ਮੇਰਾ ਯਾਰ ਸੀ ਰੰਝੇਟਾ ਪਾਪਣੇ। ਘਰੋਂ ਕੁਟ ਕੱਢਿਆ ਤੈਂ ਮੇਰੇ ਯਾਰ ਨੂੰ। ਪਾਪਣੇ ਤੈਂ ਕੀਤੀ ਨਾ ਜਰਾ ਵਿਚਾਰਨੂੰ। ਹੈਂ ਜੇ ਨਣਦਮੇਰੀ ਤਾਂ ਤੂੰ ਮੰਨਬਾਤਨੂੰ। ਅਜਜੇਕਰਾਵੇਂ ਕਿਵੇਂ ਮੁਲਾਕਾਤ ਨੂੰ। ਜਿਵੇਂ ਤੇਰੇ ਰੈਂਦਾ ਹੈ ਮੁਰਾਦ ਚਿਤ ਨੀ। ਤੇਰੇ ਵਾਂਕੂੰ ਮੈਨੂੰ ਭੀ ਰੰਝੇਟਾ ਮਿਤ ਨੀ। ਵਾਸਤੇ ਖੁਦਾ ਦੇ

ਮੰਨ ਲੈ ਸਵਾਲ ਨੀ। ਕੱਲ ਨੂੰ ਰਵਾਨਾ ਹੋਜੂ ਮਹੀਂ ਵਾਲਨੀ। ਅਜ ਜੋਗੀ ਏਥੇ ਭਲਕੇ ਨ ਆਸ ਨੀ। ਯਾਰਦੇ ਦੀਦਾਰ ਦੀ ਲਗੀ ਪਿਆਸ ਨੀ। ਸੈਤੀ ਹਥ ਜੋੜ ਹੀਰ ਨੂੰ ਉਚਾ ਰਦੀ। ਮੈਨੂੰ ਕਾਨੂੰ ਭਾਬੀਏ ਤਹਾਨੇ ਮਾਰਦੀ। ਮੈਂ ਕੀ ਭਲਾ ਭਾਬੀ ਜਾਨਦੀ ਸੀ ਓਸ ਨੂੰ। ਮੈਨੂੰ ਕਿਉਂ ਉਲਾਂਬਾ ਦੇਨੀਹੈਂ ਬਦੇਸ ਨੂੰ। ਚੱਲ ਤੇਰੇ ਭਾਬੀਏ ਕਰਾਮਾਂ ਮੇਲ ਨੂੰ। ਅੰਗ ਲਾਲੈ ਭਾਬੀਏ ਫੁਲੇਲ ਤੇਲ ਨੂੰ। ਹੀਰ ਝਟ ਜਾਂਣਦੀ ਤਿਆਰੀ ਕਰਦੀ। ਚੋਲ ਹੰਸਰਾਜ ਦੇ ਤੁਰਤ ਧਰਦੀ। ਰਿੰਨਕੇ ਤੇ ਚੌਲ ਖੰਡ ਨੂੰ ਰਲਾਂਮਦੀ। ਵਿਚ ਪੰਜ ਮੋਰਾਂ ਉਸ ਦੇ ਟਕਾਂਮਦੀ। ਉਤੇ ਦੇ ਰੁਮਾਲ ਢਕਿਆ ਜਰੂਰ ਜੀ। ਦੋਨੋਂ ਗਈਆਂ ਚਲ ਜੋਗੀ ਦੇ ਹਜੂਰ ਜੋ। ਰਾਂਝਣੇ ਦੇ ਹੀਰ ਮਿਲੀ ਗਲ ਲਗ ਜੋ। ਬੁਝਗੀ ਦੋਹਾਂ ਦੀ ਹੈ ਇਸ਼ਕ ਅਗ ਜੋ। ਰੋਂਦੇ ਜ਼ਾਰੋ ਜ਼ਾਰ ਦੋਵੇਂ ਦੁਖ ਫੋਲਕ। ਜਦੋਂ ਚੁਪ ਕੀਤੀ ਸੈਤੀ ਕੈਂਦੀ ਬੋਲ ਕੇ। ਕਲਦੀ ਉਦਾਲ ਮਰਹੋਈ ਹੋਰਵੇ। ਤੈਨੂੰ ਕਰਾਮਾਤੀ ਦਸਦੀ ਫਕੀਰ ਵੇ। ਦਸ ਕੇੜੀ ਚੀਜ ਰਖੀ ਵਿਚ ਥਾਲ ਦੇ। ਨਾਲ ਦਸ ਲੜ ਬਧਾ ਕੀ ਰੁਮਾਲ ਦੇ। ਹੈਗੀ ਕ-ਰਾਮਾਤ ਤਾਂ ਤੁਰਤ ਦਸਦੇ। ਜੋਗੀ ਮਨ ਰਬ ਦੇ ਹਮੇਸ਼ ਬਸਦੇ। ਰਾਂਝਾ ਕੈਂਦਾ ਕਾਸਨੂੰ ਮਰਾਈ ਭੇੜ ਨੀ। ਚੋਲਾਂ ਚਿ ਲਿਆਈ ਤੂ ਰਲਾਕਖੰਡਨੀ। ਜਾਂਣੀ ਮੋਰਾਂ ਬੰਨੀਆਂ ਨੇ ਲੜ ਦਸਦੇ। ਜਾਈਏ ਕੁਰਬਾਨੇ ਜੋਗੀਆਂ ਦੇ ਭੇਸਦੇ।

ਦੇਖ ਕਰਾਮਾਤ ਹੋਗਈ ਹੈਰਾਨਜੇ। ਜਾਵਾਂ ਤੇਰੇ ਜੋਗੀਆਂ ਮੈਂ ਕੁਰਬਾਨ ਜੇ। ਕਲਦਾ ਕਸੂਰ ਮੇਰਾ ਮਾਫ ਕੀਜੀਏ। ਮੈਨੂੰ ਕਰਾਮਾਤਸੇ ਮੁਰਾਦ ਦੀਜੀਏ। ਯਾਰਦੇ ਵਛੋੜੇਨੇ ਮੈਂ ਦਿਤੀ ਮਾਰ ਵੇ। ਆਪ ਵਾਂਗੂੰ ਦੁਖ ਮੇਰੇ ਤੂੰ ਨਿਵਾਰ ਵੇ। ਰਾਂਝਾ ਕੈਂਦਾ ਸੈਤੀਏ ਤੂੰ ਸੁਣ ਗਲਨੀ। ਮਿਲੂਗਾ ਮੁਰਾਦ ਤੈਨੂੰ ਆਪ ਚਲ ਨੀ। ਰਬਦੇ ਫਜ਼ਲ ਸੇ ਮਿਲਾਦੂ ਮਿਤ ਨੂੰ। ਘਰੀਂ ਜਾਓ ਰਖਕੇ ਟਿਕਾਨ ਚਿਤ ਨੂੰ। ਸੀਸ ਨੂੰ ਨਿਵਾਇਕੇ ਘਰਾਂ ਨੂੰ ਔਂਦੀਆਂ। ਰਾਂਝਣੇ ਦੇ ਗੀਤ ਪ੍ਰੀਤ ਨਾਲ ਗੌਂਦੀਆਂ। ਕਿਸ਼ੋਰ ਛੰਦਾ ਪੌਂਚੀਆਂ ਘਰਾਂ ਮੇਂ ਆ-ਇਕੇ। ਅਗਲਾ ਹਵਾਲ ਆਖਦੇਸੁਣਾਇਕੇ। ਦੂਜੇ ਦਿਨ ਹੀਰ ਸੈਤੀ ਨੂੰ ਪੁਕਾਰਦੀ। ਫੇਰ ਕੇਰਾਂ ਸੂਰਤ ਦਿਖਾਦੇ ਯਾਰਦੀ। ਸਾਡਾ ਕੇਰਾਂ ਫੇਰ ਸਾਰ ਦੇਵੇਂ ਕੰਮ ਨੀ। ਮੈਂਤਾਂ ਹੋਈ ਦਾਸ ਭਾਵੇਂ ਲਾਲੇ ਦੰਮਨੀ। ਸੈਤੀਸੁਣ ਬਾਤ ਮਾਈ ਪਾਸ ਜਾਮਦੀ। ਮਾਈ ਤਾਂਈ ਆਣ ਬਾਤ ਸਮਝਾਮਦੀ। ਮਾਪਿਆਂ ਦੇ ਹੀਰ ਰਹੀ ਸੀ ਅਲੇਲ ਨੀ। ਆਥਨ ਸਵੇਰੇ ਨਿਤ ਔਂਦੀ ਖੇਲ ਨੀ। ਜਿਦਿਨ ਦੀ ਆਪ ਨੇ ਏਹ ਘਰ ਆਈ ਹੈ। ਭੋਰੇ ਦੇ ਅੰਦਰ ਜੋ ਤੁਸਾਂ ਨੇ ਪਾਈ ਹੈ। ਖੇਤ ਵਲ ਕਹੇਂ ਤਾਂ ਲਿਆਮਾਂ ਫੇਰ ਨੀ। ਅਜ ਏਨੂੰ ਦੁਖ ਮਣ ਵਿਚੋਂ ਸੇਰ ਨੀ। ਹੀਰ ਦੀ ਜੋ ਸੱਸ ਫੇਰ ਕੈਂਦੀ ਅਕਕੇ। ਕਦੋਂ ਧੀਏ ਅਸੀਂ ਰਖਿਆ ਸੀ ਡਕ ਕੇ। ਜਾਂਦੀ ਹੈ ਬੇਸ਼ਕ ਭਾਵੇਂ ਲੈ ਜਾ ਨਾਲ ਨੀ। ਲੈ

ਜਾ ਇਨ੍ਹੂ ਨਾਲ ਖੇਤ ਜਾ ਦਿਖਾਲਨੀ। ਓਥੋਂ ਆਈ ਦੌੜ ਸੈਤੀ ਹੀਰ ਪਾਸਹੈ। ਮਿਠੇ ਮਿਠੇ ਆਣਬੋਲਦੀ ਬਲਾਸ ਹੈ। ਪੰਜ ਸੱਤ ਹੋਰ ਸਦੀਆਂਨ ਜੱਟੀਆਂ। ਹੋਰਦਸ ਬੀਸ ਸੱਈਆਂ ਕਰ ਕੱਠੀਆਂ। ਆਖਦੀ ਹੈ ਸੈਤੀ ਨਾ ਭੰਡਾਰ ਜੋੜਨੇ। ਚਲੋ ਕੁੜੇ ਚਲੀਏ ਕਪਾਹਿਤ੍ਰੋੜਨੇ। ਮੰਨਕੇ ਬਚਨ ਤੁਰ ਪਈਆਂ ਨਾਰੀਆਂ। ਇੰਨਕੇ ਪਰੇਟ ਖੇਤ ਨੂੰ ਸਿਧਾ-ਰੀਆਂ। ਸੈਈਆਂ ਦੇ ਵਿਚਾਲੇ ਹੀਰ ਜਾਂਦੀ ਹਸਦੀ। ਨੇਤਰਾਂ ਦੇ ਤੀਰ ਆਜਜਾਂ ਨੂੰ ਕਸਦੀ। ਦੇਖ ਦੇਖ ਹੀਰ ਨੂੰ ਬਹੁਤ ਮਰਦੇ। ਜੇੜੇ ਕੇਰਾਂ ਹੀਰ ਦਾ ਧਿਆਨ ਧਰਦੇ। ਕਈ ਲੋਕ ਕੈਂਦੇ ਹੈਂ ਅਫਾਤ ਆ ਗਈ। ਆਸ਼ਕਾਂ ਦੇ ਕਢਕੇ ਪਰਾਨ ਖਾ ਗਈ। ਜਾਤ ਦਾ ਮਰਾਸੀ ਇਕ ਮੂਰੇ ਆਗਿਆ। ਦੇਖਕੇ ਸ਼ਕਲ ਦੂਰੋਂ ਖੌਫ ਖਾਗਿਆ। ਘਰ ਬਾਰ ਭੁਲਿਆ ਤਮਾਮ ਮੀਰ ਨੂੰ। ਦੂਰੋਂ ਖੜਾ ਦੇਖੇ ਹੀਰ ਦੇ ਸਰੀਰ ਨੂੰ। ਕਦੇ ਕਹੇ ਬਿਜਲੀ ਸਮਾਨੋਂ ਉਤਰੀ। ਭੈਣ ਹੂਰਾਂ ਪਰੀਦੀ ਪਦਮ ਪੁਤਰੀ। ਦੇਖਿਆ ਸਰੀਰ ਹੈ ਬਦਾਮੀ ਰੰਗਦਾ। ਮੇਰਾਬੂਝਾ ਪਟਗੀ ਮਰਾਸੀ ਨੰਗਦਾ। ਦੇਖਕੇ ਸਰੀਰ ਰਿਹਾਕੋਈਦੂਖਨੀ। ਇਕਬਾਰ ਫੇਰ ਭੀ ਦਿਖਾਦੇ ਮੁਖ ਨੀ। ਮੌਤ ਮਾਤ ਲੋਕਦੀ ਅਸਾਂ ਤੇ ਆਗਈ। ਅੱਲਾ ਦੀ ਕਸਮ ਕਾਲਜੇ ਨੂੰ ਖਾਗਈ। ਹੀਰ ਦਾ ਸਰੀਰ ਰੋਮ ਰੋਮ ਰੱਚਿਆ। ਆਸ਼ਕੀਦੇ ਤੀਰ ਚੋਂ ਕੋਈ ਨਾ ਬਚਿਆ। ਭੁਲ ਗਿਆ ਰਾਗ ਰਾਗਨੀ ਦਾ

ਗਾਮਣਾ। ਭੁਲਗੇ ਮਖੌਲ ਔਰ ਪੀਣਾ ਖਾਵਣਾ। ਹੀਰਦੇ
ਵਜੋਗ ਮੇਂ ਬਿਮਾਰ ਹੋਗਿਆ। ਆਸ਼ਕੀ ਦਾ ਤੀਰ ਕਾ-
ਲਜਾ ਪਰੋ ਗਿਆ। ਮਕਰੀ ਮਰਾਸੀ ਦੀ ਜਹਾਨੋਂ ਰੋਗ
ਜੋ ਲਗਾ ਅਬਦੁਲੇ ਨੂੰ ਬਹੁਤ ਰੋਗ ਜੋ। ਖੇਤ ਜਾਇ
ਵੜੀਆਂ ਤਮਾਮ ਨਾਰੀਆਂ। ਤੋੜਨ ਕਪਾਹਿ ਨੂੰ ਕਟਨ
ਤਿਆਰੀਆਂ। ਕਿਸ਼ੋਰ ਰੌਦਾ ਸਾਰੀਆਂ ਝੜ੍ਹਗੇ ਮਾਰ ਜੋ।
ਚੁਗਦੀ ਕਪਾਹਿ ਨੂੰ ਕੂੰਜਾਂ ਦੀ ਡਾਰ ਜੋ॥ ਮੁਕੰਦ ਛੰਦ॥
ਭਾਬੀ ਤੇ ਨਣਦ ਨੇ ਕੀਤੀ ਸਲਾਹ ਨੂੰ। ਨਾਲੇ ਇਕ ਪਾਸੇ
ਚੁਗਣ ਕਪਾਹ ਨੂੰ। ਚਕਕੇ ਤੇ ਸੂਲ ਪੈਰ ਚੋਬੀ ਹੀਰਦੇ
ਅੰਗ ਢਿਲੇ ਹੋਗੇ ਹੀਰ ਦੇ ਸਰੀਰ ਦੇ। ਕਢ ਦਿਤਾ
ਖੂਨ ਹੀਰ ਹੋਗੀ ਤੰਗ ਜੋ। ਹੈ ਹੈ ਕਾਲਾ ਨਾਗ ਮਾਰ
ਗਿਆ ਡੰਗ ਜੋ। ਨਾਰਾਂ ਹੋਈਆਂ ਕੱਠੀਆਂ ਉਦਾਲੇ
ਆਣਕੇ। ਹੀਰ ਪੈਗੀ ਮੁਖ ਤੇ ਦੁਪੱਟਾ ਤਾਣਕੇ। ਦਸ
ਨੀ ਸੈਤੀਏ ਕੀ ਹੋਯਾ ਹੀਰ ਨੂੰ। ਆਣ ਕੇੜਾ ਦੁਖ ਮਾਰ
ਗਿਆ ਸਰੀਰ ਨੂੰ। ਸਾਡੇ ਕੋਲੋਂ ਭੈਣੇ ਤੂੰ ਜਰਾ ਨਾ ਸੰਗ
ਜੋ। ਹੈ ਹੈ ਕਾਲਾ ਨਾਗ ਮਾਰ ਗਿਆ ਡੰਗ ਜੋ। ਸੁਣਕੇ
ਤੇ ਸੱਈਆਂ ਹੋਗੀਆਂ ਜਰਦ ਜੋ। ਜਾਣੀ ਸੀਨੇ ਵਿਚ ਖੁਭ
ਗੀ ਕਰਦ ਜੋ। ਰੋਂਦੀਆਂ ਸਹੇਲੀਆਂ ਜੋ ਨਾਲ ਜੋਰ ਦੇ।
ਹੋਈ ਹੈ ਖਮੋਸ਼ ਜਿਵੇਂ ਨਸ਼ੇ ਲੋਰ ਦੇ। ਕਾਨੂੰ ਭੈਣੇ ਸੈਤੀ
ਏ ਆਈ ਸੀ ਸੰਗਜੋ। ਹੈਹੈ ਕਾਲਾ ਨਾਗ ਮਾਰ ਗਿਆ
ਡੰਗ ਜੋ। ਹੀਰ ਨੂੰ ਸੁਰਤ ਨਾ ਜਰਾ ਭੀ ਕਾਈ ਹੈ। ਘਰ

ਆਣ ਬਾਤ ਸਹੀਆਂ ਨੇ ਸੁਣਾਈ ਹੈ। ਕਾਲਾ ਨਾਗ ਮਾਰ ਗਿਆ ਡੰਗ ਹੀਰ ਦੇ। ਅੰਗ ਢਿਲੇ ਹੋਗੇ ਹੀਰਦੇ ਸਰੀਰ ਦੇ। ਕਿਸ਼ੋਰ ਹੰਦਾ ਬੁਰਾ ਜ਼ਾਲਮ ਭੁਜੰਗ ਜੋ। ਹੈ ਹੈ ਕਾਲਾ ਨਾਗ ਮਾਰ ਗਿਆ ਡੰਗ ਜੋ ॥ ਦੋਹਰਾ ॥

ਪੰਜ ਚਾਰ ਮਿਲ ਆਦਮੀ ਗਏ ਖੇਤ ਮੇਂ ਆਏ। ਹੀਰ ਲਿਆਂਦੀ ਚਕਕੇ ਮੰਜੇ ਉਤੇ ਪਾਏ॥ ਕੋਰੜਾ ਛੰਦ॥

ਅਜੂ ਲਿਆਵੇ ਸਿਆਣੇਨੂੰ ਤੁਰਤ ਜਾਇਕੇ। ਟੂਟਾ ਟਾਣਾ ਕਰਨ ਤਮਾਮ ਆਇਕੇ। ਫੱਟ ਤੁਲਵਾਰਦਾਹੈ ਦਿਨ ਚਾਰ ਜੀ। ਡੰਗੇ ਜੋ ਇਸ਼ਕ ਦੇ ਦਾ ਟੱਟੂ ਪਾਰ ਜੀ। ਬੈਠਗੇ ਸਿਆਣੇ ਜੋ ਗੁਲਾਮ ਹਾਰਕੇ। ਫੇਰ ਸੈਤੀ ਕੌਂਦੀ ਪਿਤਾ ਨੂੰ ਪੁਕਾਰ ਕੇ। ਕਾਲੇ ਬਾਗ ਵਿਚ ਇਕ ਜੋਗੀ ਆਯਾ ਹੈ। ਕਰਾਮਾਤੀ ਪੂਰਾ ਅਸਾਂ ਅਜਮਾਯਾ ਹੈ। ਅਜੂ ਕੈਂਦਾ ਸੈਦੇਨੂੰ ਉਚਾਰ ਫੇਰ ਜੋ। ਦੌੜਕੇ ਲਿਆਵੀਂ ਨ ਲਗਾਂਈਂ ਡੇਰ ਜੋ। ਲਿਆਕਤ ਦੇ ਨਾਲ ਜਾ ਕਰੀਂ ਕਲਾਮ ਨੂੰ। ਪੈਲਾਂ ਬਚਾ ਸੈਦਿਆ ਕਰੀਂ ਸਲਾਮਨੂੰ। ਅਦਬਦੇ ਨਾਲ ਬੋਲਨਾ ਫਕੀਰ ਨੂੰ। ਸਪ ਡੰਗ ਗਿਆ ਵੇਟੀ ਦੇ ਸਰੀਰ ਨੂੰ। ਸੁਣ ਸੈਦਾ ਦੌੜਿਆ ਸ਼ਿਤਾਬ ਬਾਗ ਨੂੰ। ਤਬੀ ਖਬਰ ਪੌਂਚੀ ਆਜਜ ਨਭਾਗ ਨੂੰ। ਬਾਗ ਬਿਚ ਪੌਂਚਿਆ ਤੁਰਤ ਜਾਇਕੇ। ਜਤੀ ਦੇ ਸਮੇਤ ਚੌਂਕੇ ਚੜ੍ਹਾ ਜਾਣਕੇ। ਜਤੀ ਦੇਖ ਰਾਂਝਾਹੈ ਕਰੋਧਧਾਰਦਾ। ਪੰਜਚਾਰ ਫੌੜੀਆਂ ਮੋਰਾਂਚਿ ਮਾਰਦਾ। ਕੀਤੀ ਤੈਂ ਵਿਚਾਰ ਜੇ ਜਰਾ ਨਾ ਅੰਨਿਆਂ।

ਦਿਲ ਮੇਂ ਨਾ ਜੋਗੀਦਾ ਅਦਬ ਮੰਨਿਆਂ । ਸੈਦਾ ਕੈਂਦਾ ਕਾਨ੍ਹ ਕਰੇਂ ਮਾਰੋ ਮਾਰ ਜੀ। ਇਕ ਮੇਰੇ ਘਰ ਬੋਟੜੀ ਬਿਮਾਰ ਜੀ। ਕਾਲਾ ਨਾਗ ਨਾਰ ਨੂੰ ਗਿਆ ਹੈ ਡੰਗਜੇ। ਕੀਤਾ ਹੈ ਜ਼ੈਹਰਨੇ ਬਹੁਤ ਤੰਗਜੇ। ਚਲੋ ਮਹਾਰਾਜ ਕਰ ਦੀਜੇ ਕਾਜ ਨੂੰ। ਸਾਡੇ ਪਾਰ ਲਾਵਨਾ ਤੁਸਾਂ ਜਹਾਜ ਨੂੰ। ਰਾਂਝਾ ਫੇਰ ਸੈਦੇ ਨੂੰ ਮੁਖੋਂ ਉਚਰਦਾ। ਬਿਆਈਆਂ ਉਤੇ ਮੰਤਰ ਨਾ ਸਾਡਾ ਫੁਰਦਾ। ਜਾਕੇ ਕੋਈ ਟੋਲ ਤੂੰ ਸਿਆਣਾ ਹੋਰ ਜੇ। ਇਥੇ ਕਾਨੂੰ ਬਾਦੂ ਤੈਂ ਮਚਾਯਾ ਸ਼ੋਰ ਜੇ। ਸੈਦਾ ਕੈਂਦਾ ਫੇਰ ਹੋਇਕੇ ਨਸ਼ੰਗ ਜੇ। ਕੰਨਿਆਂ ਸਮਾਨ ਨਾ ਲਗਾਈ ਅੰਗ ਜੇ। ਬੇੜਾ ਜਾਵੇ ਰੁੜ੍ਹਿਆ ਲਗਾਵੋ ਪਾਰ ਜੀ। ਸਾਨੂੰ ਨਾਥ ਅਜ ਤਾਂ ਜਰੂਰ ਤਾਰ ਜੀ। ਤੁਰਿਆ ਨਾ ਜੋਗੀ ਸੈਦਾ ਗਿਆ ਹਾਰ ਕੇ। ਬਾਬਲ ਦੇ ਤਾਂਈ ਆਖਦਾ ਪੁਕਾਰ ਕੇ। ਆਖਿਆ ਬਥੇਰਾ ਨਾ ਜਰਾ ਭੀ ਮੰਨਿਆਂ। ਮਾਰ ਮਾਰ ਮੈਨੂੰ ਤਾਂ ਬਹੁਤ ਭੰਨਿਆਂ। ਰੋਂਦਾ ਜਾਰੋ ਜਾਰ ਹੈ ਧਾਹਾਂਨੂੰ ਮਾਰ ਕੇ। ਮਾਰਿਆ ਜੋਗੀ ਨੇ ਹੈ ਕਰੋਧ ਧਾਰਕੇ। ਕਿਸ਼ੋਰ ਚੰਦਾ ਮੇਰਾ ਭੰਨਿਆ ਸਰੀਰਜੀ। ਖਸਮਾਂ ਨੂੰ ਖਾਵੇ ਮਰ ਜਾਵੇ ਹੀਰ ਜੀ॥ ਕੋਰੜਾ ਛੰਦ॥

ਸੈਤੀ ਕੈਂਦੀਬਾਬਲਾਧਿਆਨ ਧਰਵੇ। ਤੂੰਹੀਂਜਾਂਈਬਾਬਲਾ ਜੋਗੀ ਦੇ ਦਰ ਵੇ। ਏਨੂੰ ਕੀ ਸ਼ਹੂਰ ਗਲ ਕਿਕੂੰ ਕਰਨੀ। ਤੂੰ ਹੀ ਡਿਗ ਬਾਬਲਾ ਜੋਗੀਦੇਚਰਨੀ। ਦੋੜ ਜਾ ਸ਼ਤਾਬੀ ਗਲ ਕਰੀਂ ਫੇਰ ਵੇ। ਸਾਥ ਲੈਕੇ ਆਈਂ ਨਾ ਲਗਾਈਂ

ਡੇਰ ਵੇ। ਅਜੂ ਸੁਣ ਬਾਤ ਨੂੰ ਤੁਰਤ ਜਾਮਦਾ। ਜਾਇਕੇ ਤੇ ਸੀਸ ਸਾਧ ਨੂੰ ਨਿਵਾਮਦਾ। ਜੋਗੀਦੇ ਚਰਨ ਪਰਸੀਸ ਧਰਦਾ। ਦੋਨੋਂ ਹਥ ਜੋੜਕੇ ਅਰਜ ਕਰਦਾ। ਅਸੀਂ ਵਿਚ ਡਿਗੇ ਹਾਂ ਤੇਰੇ ਦੁਵਾਰ ਦੇ। ਬੇੜਾ ਜਾਵੇ ਰੁੜਿਆ ਜਰੂਰ ਤਾਰ ਦੇ। ਅੱਜੂ ਵਲ ਕੀਤਾ ਜੋਗੀ ਨੇ ਧਿਆਨ ਹੈ। ਅੱਖਾਂ ਲਈਆਂ ਮੀਚ ਚੋਧਰੀ ਪਛਾਨ ਹੈ। ਫੇਰ ਅਖ ਪੱਟਕੇ ਜਵਾਬ ਕਰਦਾ। ਨਾਲੇ ਨਾਮ ਰਬ ਦਾ ਰਿਦੇ ਮੇਂ ਧਰਦਾ। ਕਾਸਨੂ ਖਿਆਲ ਜੀ ਪਏ ਹੋ ਆਇਕੇ। ਨਾਲੇ ਖੁਸ਼ ਹੋਵੇ ਪੈਰਾਂ ਨੂੰ ਖਿਚਾਇਕੇ। ਅੱਜੂ ਫੇਰ ਮਿੰਨਤਾਂ ਕਰਨ ਡੈ ਗਿਆ। ਆਖਰ ਜੋਗੀਨੂੰ ਅੱਜੂ ਨਾਲ ਲੈ ਗਿਆ। ਜਾਂਮਦਾ ਹੈ ਜੋਗੀ ਗੋਰਖ ਚਿਤਾਰ ਕੇ। ਆਯਾ ਘਰ ਅੱਜੂ ਦੇ ਝੋਲੀ ਨੂੰ ਮਾਰਕੇ। ਜਿਸ ਵੇਲੇ ਜੋਗੀ ਬੂਹੇ ਬਾਰ ਆਯਾ ਜੀ। ਸਭਨਾਂ ਨੇ ਦੇਖ ਸੀਸ ਕੋ ਨਿਵਾਯਾ ਜੀ। ਹੀਰਵਲ ਦੇਖ ਆਖਦਾ ਉਚਾਰ ਹੈ। ਹੀਰ ਦਾ ਸਰੀਰ ਘੜੀ ਤਿੰਨ ਚਾਰ ਹੈ। ਤ੍ਹਾਂਈ ਸੁਖ ਹੋਵੇ ਹੀਰ ਦੇ ਸਰੀਰਨੂੰ। ਸੁੰਨੇ ਘਰ ਵਿਚ ਤਾਂ ਲੇਚਲੋ ਹੀਰਨੂੰ। ਸੁੰਨੇ ਘਰ ਹੀਰ ਦਾ ਇਲਾਜ ਹੋਊਗਾ। ਓਥੇ ਰੋਗ ਮੰਤਰ ਜਰੂਰ ਖੋਊਗਾ। ਇਕ ਬੰਦਾ ਥੋੜਾ ਏਦੇ ਰਹੇ ਪਾਸ ਜੀ। ਫੇਰ ਏਦੇ ਦੁਖਾਂ ਦਾ ਕਰੂੰਗਾ ਨਾਸ ਜੀ। ਦੇਖਕੇ ਤੇ ਸੁੰਨਾ ਹਿਰ ਦਾ ਮਕਾਨ ਜੋ। ਮੰਜਾ ਚੁਕ ਹੀਰ ਦਾ ਓਥੇ ਲਿਜਾਨਜੋ। ਸੈਤੀ ਹੀਰ ਰਾਂਝਣੇ ਦੇ ਕੋਲ ਛਡਤੀ; ਰੌਲੇ ਵਾਲੀ ਗਲ ਦੀ ਅਲਖ ਬਦਤੀ।

ਸ਼ੌਂਕ ਨਾਲ ਕਰਦਾ ਕਿਸ਼ੋਰ ਪਿਆਰ ਜੀ। ਇਕੇ ਦਮ ਦਿਤੀ ਜ਼ੈਹਰ ਉਤਾਰਜੀ॥ ਕੋਰੜਾ ਛੰਦ॥ ਅਧੀ ਰਾਤੋਂ ਸੈਤੀ ਹੈ ਅਰਜ ਕਰਦੀ। ਮੈਂ ਤਾਂ ਤੇਰੀ ਜੋਗੀਆ ਹੋਈ ਹਾਂ ਬਰਦੀ। ਜਿਹਾ ਬੁਆਡੇ ਦੋਹਾਂ ਦਾ ਬਹੁਤ ਪਿਆਰ ਵੇ। ਐਜੇ ਮੈਨੂੰ ਪਿਆਰਾ ਹੈ ਮੁਰਾਦ ਯਾਰ ਵੇ। ਜੈਸੇ ਹੀਰ ਦਿਤੀ ਵੇ ਮਿਲਾਇ ਤੁਝਨੂੰ। ਐਸੇ ਤੂੰ ਮੁਰਾਦ ਬੀ ਮਿਲਾ ਦੇ ਮੁਝ ਨੂੰ। ਸੈਤੀ ਵਲ ਰਾਂਝਣਾ ਖਿਆਲ ਕਰਦਾ। ਉਸੇ ਵੇਲੇ ਪੀਰਾਂ ਦਾ ਧਿਆਨ ਧਰਦਾ। ਲਗਿਆ ਧਿਆਨ ਜਾਂ ਤਰਫ ਰਬਦੇ। ਆਗਿਆ ਮੁਰਾਦ ਨਾਲ ਜੋ ਸਬਬ ਦੇ। ਡਾਚੀ ਉਤੇ ਸੈਤੀ ਨੂੰ ਬਲੋਚ ਲੈਗਿਆ। ਪਿਛੋਂ ਡਰਰਾਂਝੇ ਨੂੰ ਬਹੁਤ ਪੈਗਿਆ। ਅੱਜੂ ਤਾਂਈ ਹੋਗੀ ਜੇ ਮਲੂਮ ਗਲ ਨੇ। ਮਾਰ ਮਾਰ ਮੇਰੀ ਤਾਂ ਉਡਾਦੂ ਖਲ ਨੀ। ਕਰਦੇ ਸਲਾਹਾਂ ਦੋਨੋਂ ਗਏ ਦੌੜ ਜੀ। ਕਿਸੇ ਦੀ ਨਾ ਰਖੀ ਚਿਤ ਮੈਂ ਕਨੌੜ ਜੀ। ਰਾਤ ਗਈ ਬੀਤ ਹੋਗਿਆ ਸਵੇਰਾ ਹੈ। ਅੱਜੂ ਹੋਰੀਂ ਜਾਕੇ ਦੇਖਦੇ ਚੁਫੇਰਾ ਹੈ। ਰਾਂਝਾ ਸੈਤੀ ਹੀਰ ਨਾ ਨਜਰ ਆਮਦੇ। ਮੁਖਪੀਲੇ ਹੋਗੇ ਪਿਆਰਿਓ ਤਮਾਮ ਦੇ। ਪਿੰਡ ਦਾ ਚੌਫੇਰਾ ਗਾਮ ਸਾਰਾ ਟੋਲਿਆ। ਫੇਰ ਅੱਜੂ ਸੈਦ ਨੂੰ ਜਬਾਨੋ ਬੋਲਿਆ। ਘੋੜੀਆਂ ਤੇ ਚੜ ਟੋਲ ਲੋ ਫਕੀਰ ਨੂੰ। ਜਿਥੇ ਮਿਲ ਜਾਵੇ ਭੰਨ ਦਿਓ ਸਰੀਰਨੂੰ। ਤੋਰਤੇ ਸਵਾਰ ਘੋੜੀਆਂ ਤੇ ਚਾੜਕੇ। ਘੇਰਿਆ ਟੰਝੇਟਾ ਵਿਚ ਜਾ ਉਜਾੜ ਦੇ। ਅਦਲੀ ਦੇ ਰਾਜ ਚੋਂ ਲਿਆ

ਹੈ ਫੜ ਜੀ। ਮਾਰਨ ਕਪਾਲ ਵਿਚ ਕੜਾ ਕੜ ਜੀ। ਮਾਰ ਮਾਰ ਰਾਂਝੇ ਨੂੰ ਬਨਾਯਾ ਢੇਰ ਜੀ। ਬਾਦਸ਼ਾਹ ਦੇ ਸਾਮਨੇ ਲੈ ਜਾਣ ਚੇਰਜੀ। ਜਾਕੇ ਪੇਸ਼ ਕੀਤਾ ਅਗੇ ਸਰਕਾਰਦੇ। ਹਥ ਜੋੜ ਖੜੇ ਅਰਜ ਗੁਜਾਰਦੇ। ਕਢਕੇ ਲਿਆਯਾ ਏ ਅਸਾਡੀ ਹੂਰ ਨੂੰ। ਸਚੀ ਸਚੀ ਗਲ ਆਖਦੇ ਹਜੂਰ ਨੂੰ। ਹੀਰ ਕੈਂਦੀ ਰਾਜਿਆ ਏਹ ਝੂਠਬੋਲਦੇ। ਬੇਲ੍ਹਾ ਮਹਾਰਾਜ ਇਹ ਤੁਫਾਨ ਤੋਲਦੇ। ਰਾਂਝੇ ਨਾਲ ਪੀਰਾਂਨੇ ਨਕਾਹ ਕਰਿਆ। ਜਾਮਨ ਵਿਚਾਲੇਹੈ ਕੁਰਾਨ ਧਰਿਆ। ਅਦਲੀ ਨੇ ਝੂਠਾ ਜਾਣਿਆਂ ਫਕੀਰ ਨੂੰ। ਖੇੜਿਆਂ ਦੇ ਨਾਲ ਤੋਰ ਦਿਤਾ ਹੀਰ ਨੂੰ। ਕਰ ਦਿਤਾ ਕੈਦ ਰਾਂਝਣੇ ਨਮਾਣੇ ਨੂੰ। ਮੇਟ ਕੌਣ ਦੇਵੇ ਮਾਲਕ ਦੇ ਭਾਣੇ ਨੂੰ। ਕੈਦ ਵਿਚ ਰਾਂਝਾ ਪੀਰਾਂ ਨੂੰ ਚਿਤਾਰਦਾ। ਹੋਕੇ ਇਕ ਲਤ ਤੇ ਧਿਆਨ ਧਾਰ ਦਾ। ਰਾਜੇ ਦੇ ਸਰੀਰ ਵਿਚ ਉਠੇ ਸੂਲ ਜੀ। ਅਦਲ ਪੁਰੀ ਮੇਂ ਉਠ ਜੇ ਰੰਜੂਲ ਜੀ। ਇਕੋ ਬਾਰ ਅਗ ਦਾ ਭੁਚਾਲ ਪੇਗਿਆ। ਹੈ ਹੈ ਕਾਰ ਕਣਨੇ ਸ਼ਹਰ ਡੈਗਿਆ। ਫਰ ਲਗਾ ਯਾਦ ਕਰਨੇ ਫਕੀਰ ਨੂੰ। ਅਗ ਲਗ ਉਠੀ ਰਾਜੇ ਦੇ ਸਰੀਰ ਨੂੰ। ਕਿਸ਼ੋਰ ਹੋਂਦਾ ਗਲ ਨਾ ਕੋਈ ਭੀ ਸੁਝਦੀ। ਅਗ ਨੂੰ ਦੁਝੋਣ ਨਾ ਜਰਾ ਭੀ ਬੁਝਦੀ॥

ਕੋਰੜਾ ਛੰਦ॥ ਸੋਚ ਸੋਚ ਫੇਰ ਰਾਂਝਾਹੈ ਦੁਲਾ ਲਿਆ। ਅਦਲੀ ਨੇ ਗਲ ਵਿਚ ਪਲੂ ਪਾਲਿਆ। ਰਾਂਝਣੇ ਨੇ ਸੁਣੀਆਂ ਬਹੁਤ ਮਿਨਤਾਂ। ਉਸੇ ਵੇਲੇ ਭੋਰ ਹੋਯਾ ਪ੍ਰਸੰਨ

ਤਾਂ। ਖੁਸ਼ੀ ਹੋਕੇ ਛਟਾ ਦਿਤਾ ਹੈ ਸ਼ੈਹਰ ਨੂੰ। ਓਸੇ ਵੇਲੇ ਬੰਦ ਕਰਤਾ ਕੈਹਰ ਨੂੰ। ਉਸੇ ਵੇਲੇ ਰਾਜੇਨੇ ਮੰਗਾਏ ਖੇੜੇ ਜੋ। ਹੋਰ ਹੁਣ ਛਡਦੇ ਤਮਾਮ ਝੇੜੇ ਜੋ। ਹੀਰ ਖੋ ਵੜਾਈ ਦੇਖ ਕਰਾਮਾਤ ਨੂੰ। ਕਰਦਾ ਸਲਾਮ ਫਕਰਾਂ ਦੀ ਜਾਤ ਨੂੰ। ਖੇੜੇ ਗਏ ਤੁਰ ਜਾਂ ਘਰਾਂ ਨੂੰ ਹਾਰਕੇ। ਫੇਰ ਕੈਂਦਾ ਰਾਜਾ ਰਾਂਝੇ ਨੂੰ ਉਚਾਰਕੇ। ਜਾਓ ਮੌਜ ਲੁਟੋ ਨਾ ਕਿਸੇ ਦਾ ਡਰ ਜੀ। ਭਾਵੇਂ ਜਾਕੇ ਜਗ ਮੈਂ ਅਨੰਦ ਕਰ ਜੀ। ਅਦ ਲੀ ਨੂੰ ਦਿਤੀ ਰਾਂਝੇ ਨੇ ਅਸੀਸ ਜੋ। ਰਾਜ ਤੇਰਾ ਫੁਲੇ ਚੌਗਨਾ ਚੌਬੀਸ ਜੋ। ਝੰਗ ਵਲ ਦੋਹਾਂ ਕੀਤੀਆਂ ਤ੍ਰਿਆ ਰੀਆਂ। ਕੰਨ ਵਿਚੋਂ ਰਾਂਝੇ ਮੁੰਦਰਾਂ ਉਤਾਰੀਆਂ। ਝੰਗ ਦੇ ਨਜ਼ੀਕ ਦੋਨੋਂ ਪੌਚੇ ਆਇਕੇ। ਬੈਠੇ ਰੁਖ ਹੇਠਾਂ ਸ਼ੁਕਰ ਮਨਾਇਕੇ। ਚੂਚਕ ਹੀ ਆਗਿਆ ਸਬਬ ਨਾਲ ਜੋ। ਰਾਂਝੇ ਵਲ ਕੀਤਾ ਚੂਚਕੇ ਖਿਆਲ ਜੋ। ਦਿਤਾਹੈ ਪਿਆਰ ਜੋ ਦੋਹਾਂ ਨੂੰ ਆਇਕੇ। ਚਲੋਬਚਾ ਘਰ ਤੁਸੀਂ ਬੈਠੋ ਜਾਇ ਕੇ। ਲੇਕੇ ਆਯਾ ਦੋਹਾਂ ਨੂੰ ਨਢੀ ਦਾ ਬਾਪਜੋ। ਉਤੋਂਬੜਾ ਮਿਠਾਵਿਚਹੈਗਾਪਾਪਜੋ। ਹੀਰ ਰਾਂਝਾ ਦੋਨੋਂਆਗਏਨੇ ਘਰ ਜੋ। ਹੋਗਏਨੇ ਕੱਠੇ ਨਾਰੀ ਅਤੇਨਰ ਜੋ। ਕਿਸ਼ੋਰਦੇਂਦਾ ਪੁਛ ਰਹੇ ਗਲ ਬਾਤ ਜੋ। ਚਲੇ ਗੇ ਤਮਾਮ ਮੂਰੇ ਆਗੀ ਰਾਤ ਜੋ॥ ਦੋਹਰਾ॥ ਪੰਜ ਚਾਰ ਮਿਲ ਆਦਮੀ ਕਰਦੇ ਇਕ ਸਲਾਹ। ਰਾਂਝਾ ਤੋਰੋ ਪਿੰਡ ਨੂੰ ਦੀਜੋ ਹੀਰ ਮੁਕਾਇ॥ ਕੋਰੜਾ ਛੰਦ॥ ਰਾਤ ਨੂੰ ਜੋ ਬੈਠਕੇ ਸਲਾਹ ਕਰਲੀ।

ਹੀਰਦੇ ਜੋ ਮਾਰਨ ਦੀ ਨੀਤ ਧਰ ਲੀ। ਉਠ ਕੇ ਸਵੇਰੇ ਰਾਂਝੇ ਨੂੰ ਸੁਣਾਂਵਦੇ। ਮਿਠੀ ਮਿਠੀ ਗਲ ਆਖ ਸਮਝਾਂਵਦੇ। ਦੌੜ ਖਾਂ ਸਿਤਾਬੀ ਤਖਤ ਹਜਾਰੇ ਨੂੰ। ਜੋੜ ਕੇ ਲਿਆਵੀਂ ਜੰਞ ਭਾਈਚਾਰੇ ਨੂੰ। ਐਸੇ ਹੀਰ ਅਸੀ ਤੋਰ ਦਿਤੀ ਨਾਲ ਓਇ। ਨਿਕੀ ਮੋਟੀ ਰੰਨ ਦਸੂਗੀ ਉਧਾਲ ਓਇ। ਹੁਣੇ ਤੂੰ ਹਜਾਰੇ ਦਾ ਪਕੜ ਰਾਹ ਜੋ। ਤੈਨੂੰ ਦੇਈਏ ਅਸੀ ਹੀਰ ਦਾ ਨਕਾਹ ਜੋ। ਰਾਂਝਣੇ ਦਾ ਦਿਲ ਹੋਗਿਆ ਅਨੰਦ ਜੋ। ਰਾਂਝਣੇ ਦੀ ਗਲ ਆਗਈ ਪਸੰਦ ਜੋ। ਹੌਲੀ ਹੌਲੀ ਰਾਂਝਾ ਪਹੁੰਚਿਆ ਹਜਾਰੇ ਹੈ। ਆਏ ਭਾਈ ਚਾਰੇ ਦੇ ਮਿਲਨ ਸਾਰੇ ਹੈ। ਗਲ ਲਗ ਸਾਰੇ ਕਰਦੇ ਪਿਆਰ ਨੂੰ। ਨਾਲੇ ਸਬ ਪੁਛਨ ਖਬਰ ਸਾਰ ਨੂੰ। ਚੂਦਕੇ ਨੇ ਕੀਤਾ ਇਧਰੋਂ ਕਹਿਰ ਜੋ। ਖੀਰ ਵਿਚ ਦਿਤੀ ਹੀਰ ਨੂੰ ਜ਼ਹਿਰ ਜੋ। ਜਿਸ ਵੇਲੇ ਹੀਰ ਨ ਤਿਆਗੀ ਜਿੰਦ ਜੋ। ਝਟ ਦਫਨਾਈ ਨਾ ਲਗਾਈ ਢਿੰਦ ਜੋ। ਐਸੇ ਆਸ਼ਕਾਂ ਦੇ ਜਾਵਾਂ ਕੁਰਬਾਨ ਜੋ। ਰਾਂਝੇ ਯਾਰ ਵਲ ਰਹਿ ਗਿਆ ਧਿਆਨ ਜੋ। ਤੋਰ ਦਿਤਾ ਨਾਈ ਤਖਤ ਹਜਾਰੇ ਨੂੰ। ਜਾਕੇ ਦਿਤੀ ਸਾਰ ਰਾਂ-ਝਣੇ ਵਿਚਾਰੇ ਨੂੰ। ਹੈਜੇ ਦੀ ਬੀਮਾਰੀ ਨਾਲ ਹੀਰ ਮਰਗੀ। ਦੀਵਾ ਗੁਲ ਤੇਰਾ ਓਇ ਜਹਾਨੋ ਕਰਗੀ। ਕੱਲ ਬਾਰਾਂ ਬਜੇ ਤਜਿਆ ਸਰੀਰ ਜੀ। ਜਿਸ ਹੀਰ ਪਿਛੇ ਹੋਯਾ ਸੀ ਫਕੀਰ ਜੀ। ਨਾਈ ਕੋਲੋਂ ਜਦੋਂ ਸੁਣਿਆ ਵਿਲਾਸ ਜੋ। ਹੌਕੇ ਨਾਲ ਰਾਂਝੇ ਦੇ ਗਏ ਹੈਂ ਸਾਸ ਜੋ। ਰੋਗਿਆ ਵਜੂਦ

ਉਡ ਗਿਆ ਭੌਰ ਜੋ। ਡਿਗਦੇ ਨੂੰ ਦੇਖਕੇ ਕਰਨ ਗੌਰ ਜੋ। ਔਰਤਾਂ ਨੇ ਦੇਖਕੇ ਮਚਾਇਆ ਸ਼ੋਰ ਨੂੰ। ਰੋਂਦੇ ਭਾਈ ਸਾਰੇ ਹੈਂ ਲਗਾਕੇ ਜੋਰ ਨੂੰ। ਲਾਸ਼ ਰੈਗੀ ਪਈ ਭੌਰ ਗਿਆ ਭੱਜਕੇ। ਯਾਰਦੀ ਕਬਰ ਤੇ ਜਾ ਬੋਲੇ ਗਜਕੇ। ਧੋਖਾ ਮੇਰੇ ਨਾਲ ਤੈਂ ਕਮਾਯਾ ਪੁੱਜਕੇ। ਤੇਰੇ ਬਿਨਾ ਹੋਗਿਆ ਮਜ਼ੂਰ ਭੁਜਕੇ। ਜਿਸ ਵੇਲੇ ਪਾਇਆ ਹੈ ਬਹੁਤ ਸੋਰ ਜੀ। ਓਸ ਵੇਲੇ ਖੁਲਗੀ ਤੁਰਤ ਗੋਰ ਜੀ। ਕਿਸ਼ੋਰ ਚੰਦਾ ਬੈਠੇ ਜਫੀਆਂ ਨੂੰ ਪਾਇਕੇ। ਓਸ ਵੇਲੇ ਪਹੁੰਚਗੇ ਬਿਬਾਨ ਆ ਇਕੇ॥ ਦੋਹਰਾ॥ ਦੇਵੀ ਦੇਵ ਜਤੀ ਨਾਥ ਅਰ ਸਿੱਧ ਸਾਧ ਸਭ ਜਾਨ। ਪੀਰ ਪੈਕੰਬਰ ਔਲੀਏ ਹੋ ਗਏ ਬਲ ਹਰਾਨ॥ ਕਬਿਤ॥ ਚੜ੍ਹਕੇ ਬਿਬਾਨ ਪਹੁੰਚੇ ਈਸ਼ਰ ਕੇ ਧਾਮ ਦੋਨੋਂ ਹੋਈ ਜੈ ਜੈ ਕਾਰ ਕੁਲ ਵਿਚ ਸੰਨ ਸਾਰ ਦੇ। ਦੇਖਕੇ ਸਿਦਕ ਝੜੀ ਇੰਦਰ ਨੇ ਆਨ ਲਾਈ ਰਿਖੀ ਮੁਨੀ ਸਾਰੇ ਮਨ ਆਪਣੇ ਬਿਚਾਰਦੇ। ਤਿੰਨ ਲੋਕ ਵਿਚ ਜਸ ਆਸ਼ਕਾਂ ਦਾ ਹੋਨ ਲਗਾ ਨਾਲੇ ਮਹਾਰਾਜ ਦਾ ਧਿਆਨ ਦਿਲੋਂ ਧਾਰਦੇ। ਧੰਨ ਧੰਨ ਹੋਈ ਤਿੰਨ ਲੋਕ ਮੇਂ ਕਿਸ਼ੋਰ ਚੰਦਾ ਜਿਸ ਵੇਲੇ ਹੀਰ ਰਾਂਝਾ ਸੁਰਗ ਨੂੰ ਸਿਧਾਰਦੇ॥ ਕਬਿਤ॥ ਮਨ ਰੂਪ ਰਾਂਝਾ ਤ ਸਰੀਰ ਰੂਪ ਹੀਰ ਜਾਨ ਭੋਰ ਕਲਬੂਤ ਦਾ ਮੈਂ ਕੀਤਾ ਹੈ ਬਿਆਨ ਜੋ। ਭੁਲ ਚੁਕ ਮਾਫ ਮੇਰੀ ਕਰ ਦੇਨੀ ਕਵੀ ਜਨੋ ਹੋਵੇ ਜੇ ਗਲਤ ਸੁਧ ਕਰੇ ਬੁਧਵਾਨ ਜੋ। ਬਾਰ

ਬਾਰ ਕਰਾਂ ਪਰਨਾਮ ਮੈਂ ਕਵੀਸ਼ਰਾਂ ਕੋ ਬਡੇ ਬਡੇ ਭੂਲੇ ਪਰ ਮੈਂ ਤਾਂ ਹਾਂ ਨਿਦਾਨ ਜੋ। ਬੰਦਾ ਹੈ ਭੁਲਨ ਹਾਰ ਜਗ ਮੈਂ ਕਿਸ਼ੋਰ ਚੰਦਾ ਨਹੀਂ ਇਕ ਭੁਲਦਾ ਹਮੇਸ਼ ਭਗਵਾਨ ਜੋ॥ ਕੁੰਡਲੀਆ ਛੰਦ॥ ਹੀਰ ਬਨਾਈ ਸ਼ੌਂਕ ਸੇ ਸੁਣੋ ਬੀਰ ਚਿਤ ਲਾਇ । ਭੂਲ ਚੂਕ ਕਵੀ ਬਖਸ਼ਨੀ ਆਖਾਂ ਸੀਸ ਨਿਵਾਇ। ਆਖਾਂ ਸੀਸ ਨਿਵਾਇ ਮਾਫ ਤੁਮ ਕਰਨੀ ਭੂਲ। ਬੁਧੀ ਅਬੀ ਤੁਛ ਹੈ ਤਬ ਨਹੀਂ ਕੀਨਾ ਤੂਲ। ਕਿਸ਼ੋਰ ਚੰਦ ਕਵਿ ਕਹੇ ਸੁਧ ਤੁਮ ਕੀਜੋ ਵੀਰ। ਦਾਸ ਬਹੁਤ ਮਤੀ ਮੰਦ ਸ਼ੌਂਕ ਸੇ ਰਚਣੀ ਹੀਰ॥

ਸਵੈਯਾ॥ ਕਿੱਸਾ ਦਾਸਨੇ ਜੋੜ ਤਿਆਰ ਕੀਆ ਸਾਲ ਉਨੀ ਸੈ ਸੱਤਰ ਵਿਚ ਬਨਾਯਾ। ਭੁਲ ਚੁਕ ਮਾਫ ਕਰੋ ਹਮਰੀ ਕਵਿ ਕੀ ਗਤਿ ਕਾ ਹਮ ਅੰਤ ਨਾ ਪਾਯਾ। ਬੁਧਵਾਰ ਨੂੰ ਵੀਰ ਤਮਾਮ ਕੀਆ ਛੰਦ ਰਚ ਦੀਆ ਜੈਸਾ ਖਿਆਲ ਮੇਂ ਆਯਾ। ਕਹੇ ਦਾਸ ਕਿਸ਼ੋਰ ਹੈ ਮੋਰ ਜਿਵੇਂ ਪਾਏ ਪੈਲ ਰਿਹਾ ਘਨ ਹੀ ਘਰਨਾਯਾ॥

ਪਤਾ ਕਵੀਸ਼ਰ ਕਾ

ਕਬਿਤ॥ ਬਦੋਵਾਲ ਗਾਮ ਆਮ ਜਾਨਦੇ ਤਮਾਮ ਲੋਗ ਇੰਦਰਾ ਪੁਰੀ ਦੇ ਹੈ ਮਾਨਿੰਦ ਮੇਰਾ ਗਾਮ ਜੋ। ਬਾਗ ਤਾਲ ਬੋਲੀਆਂ ਬੇਅੰਤ ਅੰਤ ਆਮਦਾ ਨਾ ਹੋਰ ਭੀ ਬਥੇਰੇ ਹੈਂ ਧਰਮ ਦੇ ਮੁਕਾਮ ਜੋ। ਪਿੰਗਲ ਪੁਰਾਨ ਕਾ ਧਿਆਨ ਨਾ ਨਦਾਨ ਤਾਂਈ ਬ੍ਰਾਹਮਣ ਵਰਨ ਤੇ ਪਿਤਾ ਹੈ

ਗੰਗਾ ਰਾਮ ਜੋ। ਜਿਲਾ ਲੁਧਿਹਾਣਾ ਤੇ ਸਟੇਸ਼ਨ ਹੈ ਖਾਸ ਮੇਰਾ ਬੁਧਵਾਨ ਲੋਕਾਂ ਤਾਂਈ ਸਦਾ ਪਰਨਾਮ ਜੋ॥

ਦੋਹਰਾ॥ ਅਬ ਕਿੱਸਾ ਪੂਰਨ ਭਇਆ ਸੁਣੀਏ ਚਤਰ ਸੁਜਾਨ। ਭੁਲ ਚੁਕ ਕਵੀ ਬਖਸ਼ਣੀ ਦਾਸ ਕਿਸ਼ੋਰ ਨਿਦਾਨ॥ਦੋਹਰਾ॥ਕਵਿਜਨ ਦਾਸ ਕਿਸ਼ੋਰ ਕੀ ਬਾਰ ਬਾਰ ਪਰਣਾਮ। ਲੁਧਿਹਾਣਾ ਜੋ ਜਿਲਾ ਹੈ ਬਦੋਵਾਲ ਮੁਕਾਮ॥

ਜਰੂਰੀ ਬੇਨਤੀ ਹੈ

ਸਾਨੂੰ ਯੇਹ ਹੀਰ ਕਿਸ਼ੋਰ ਚੰਦ ਕਵੀਸ਼ਰ ਨੇ ਛਪਵਾਨ ਵਾਸਤੇ ਲਾਹੌਰ ਸੰਤਸਿੰਘਪਾਸੋਂ ਮੰਗਵਾਕੇਦਿਤੀਸੀ ਅਸਾਂ ਇਸਦਾਉਰਦੂਤਰਜਮਾਂ ਪਹਿਲੇਕਰਵਾਯਾ ਫੇਰਗੁਰਮੁਖੀ ਤਰਜਮਾਂ ਕਰਵਾਕੇ ਸਰਦਾਰ ਬੁਧ ਸਿੰਘ ਮੈਨੇਜਰ ਸ੍ਰੀ ਗੁਰਮਤਪ੍ਰੈਸਪਾਸੋਂਛਪਵਾਈਹੈ ਸੋਜੋਗਲਤੀਹੋ ਤੋ ਕਿਸ਼ੋਰ ਚੰਦ ਨੂੰ ਕੋਈ ਦੋਸ ਨਹੀਂ ਅਗਰ ਕੋਈ ਛਾਪੇਗਾ ਤਾਂ ਉਸ ਪਾਸੋਂ ਹਰਜਾਨਾ ਲਿਆ ਜਾਵੇਗਾ ਕੋਈਸਾਹਿਬ ਨ ਛਾਪੇ

ਇਕ ਸਾਡੇ ਪਾਸ ਸੁਰਮਾਂ ਮੱਕਵੀ ਬਸਰ ਹੈ

ਜੋ ਕਿ ਗੁਜਰਾਤ ਮੇਂ ਬਨਤਾ ਹੈ ਆਪ ਕੋ ਯਹਾਂ ਉਥੋਂ ਕੇ ਨਿਰਖ ਪਰ ਦੀਆ ਜਾਵੇਗਾ ਇਸਕੇ ਫੈਦੇ ਬਹੁਤ ਹੈਂ ਧੁੰਧ, ਜਾਲਾ, ਪੜਵਾਲ, ਕੁਕਰੇ ਵਗੈਰਾ ਕੋ ਬਹੁਤ ਫਾਇਦੇਮੰਦ ਹੈ॥ ਚਿਠੀ ਇਸ ਪਤੇ ਪਰ ਆਵੇ

ਭਾਈ ਹਰਨਾਮ ਸਿੰਘ ਕਰਮ ਸਿੰਘ ਕੁਤਬ ਫਰੋਸ਼

ਮੋਗਾ ਮੰਡੀ ਜਿਲਾ ਫੀਰੋਜ ਪੁਰ (ਪੰਜਾਬ)

ਜਰੂਰੀ ਇਤਲਾਹ

ਬੁਹਾਨੂੰ ਖਬਰ ਕਰਨ ਵਾਲਾ ਮੈਂ ਹਾਂ (ਕੌਣ) (ਸਰਦਾਰ ਮੋਹਣ ਸਿੰਘ) ਕਿਉਂਕਿ ਤੁਸੀਂ ਧੋਖਾ ਖਾ ਰਹੇਹੋ ਤੁਹਾਡੇ ਫਾਇਦੇ ਵਾਸਤੇ ਯੇਹ (ਸਿਖ ਕੰਪਨੀ) ਨੇ ਮੋਗਾ ਮੰਡੀ ਮੇਂ ਦੁਕਾਨ ਖੋਲੀ ਹੈ ਦੁਕਾਨ ਵੀ ਕੈਸੀ ਕਿ ਵਹਾਂ ਸਬ ਕਿਸਮ ਕੀ ਕਿਤਾਬੇਂ ਗੁਰਮੁਖੀ ਨਾਗਰੀ ਉਰਦੂ ਅੰਗਰੇਜੀ ਸਕੂਲ ਦੇ ਮੁਤਅਲਕ ਕਿਤਾਬ ਐਂਨ ਟਰੈਂਨਸ ਔਰ ਕਿੱਸੇ ਤੇ ਗੁਰੂ ਘਰ ਦੇ ਪੁਸਤਕ ਬਾਲਬੋਧ ਤੋਂ ਲੈਕੇ ਗੁਰੂ ਗ੍ਰੰਥ ਸਾਹਿਬ ਤਕ ਮਿਲ ਸਕਦੇ ਹੈਂ ਕੀਮਤ ਲਾਹੌਰ ਅਮ੍ਰਿਤਸਰ ਕੇ ਬਰਾਬਰ ਲਈ ਜਾਂਦੀਹੈ ਆਪ ਜਹਾਂ ਚਾਹੋ ਵਹਾਂ ਪੇਸ਼ਗੀ ਲਏ ਤੇ ਬਗੈਰ ਮਾਲ ਵੀ. ਪੀ. ਭੇਜਾ ਜਾਤਾ ਹੈ। ਆਪ ਇਕ ਵਾਰ ਇਸ (ਸਿਖ ਕੰਪਨੀ) ਕੋ ਅਜਮਾ ਕਰ ਦੇਖੋ। ਕੈਸੀ ਰਿਐਤਸੇ ਮਾਲ ਭੇਜਦੇ ਹਾਂ ਇਸ ਤੋਂ ਇਲਾਵਾ ਹੋਰ ਚੀਜਾਂ ਵੀ ਭੇਜਦੇ ਹਾਂ ਚੰਦ੍ਰ ਹਾਂਸ ≡) ਇਸ਼ਕ ਦੇ ਭਾਂਬੜ)॥ ਵੇਗੋ ਨਾਰ –) ਰਤਨੋ ਸੁਨਿਆਰੀ ≡) ਹੀਰ।) ਹੋਰ ਸਭ ਕਵੀਸ਼ਰਾਂ ਦਾ ਮਾਲ ਮਿਲ ਸਕਦਾ ਹੈ ਹਰਦਮ ਪਤਾ ਯਾਦ ਰਖੋ ॥

ਮਿਲਨੇ ਕਾ ਪਤਾ ਏਹ ਹੈ

ਭਾਈ ਹਰਨਾਮ ਸਿੰਘ ਕਰਮ ਸਿੰਘ ਕੁਤਬ ਫਰੋਸ਼
ਮੋਗਾ ਮੰਡੀ ਜਿਲਾ ਫਿਰੋਜਪਰ (ਪੰਜਾਬ)

ਸੁੰਦਰ ਸ਼ਿੰਗਾਰ ਹੇਅਰ ਆਇਲ

ਅਰਥਾਤ ਵਾਲਾਂ ਨੂੰ ਲਗਾਉਣ ਵਾਲਾ ਖੁਸ਼ਬੂ ਦਾਰ ਤੇਲ—ਸੱਜਣੋ ! ਆਪ ਨੇ ਅੱਜ ਤੱਕ ਹਜ਼ਾਰਾਂ ਹੀ ਤੇਲ ਵਰਤੇ ਹੋਣਗੇ ਪਰ ਜਿਸ ਤੇਲ ਤੋਂ ਅਸੀਂ ਤੁਹਾਨੂੰ ਵਾਕਫ ਕਰੌਂਦੇ ਹਾਂ ਓਹ ਤੇਲ ਆਪ ਨੇ ਕਦੀ ਵੀ ਨਾਂ ਵਰਤਿਆ ਹੋਵੇਗਾ । ਅਸੀਂ ਇਸ ਤੇਲ ਦੀ ਤਾਰੀਫ਼ ਕਰਨੀ ਵਿਅਰਥ ਸਮਝਦੇ ਹਾਂ, ਕਿਉਂਕਿ ਏਹ ਵਧੀਆ ਤੇਲ ਹੈ, ਨਹੀਂ ਨਹੀਂ ਅਤਰ ਨੂੰ ਪਰੇ ਸੁਟਦਾ ਹੈ । ਇਸ ਤੇਲ ਦੇ ਅਨਕਾਂ ਹੀ ਗੁਣ ਹਨ ਕੇਸ ਠੰਢ ਤੇ ਖੁਸ਼ਬੂਦਾਰ ਬਰੀਕ ਚਮਕੀਲੇ ਕਾਲੇ ਅਤੇ ਲੰਬੇ ਇਕ ਹੀ ਹਫਤਾ ਵਰਤਿਆਂ ਹੋ ਜਾਂਦੇ ਹਨ । ਆਪ ਇਕ ਵਾਰ ਲਗਾਕੇ ਦੋਸਤਾਂ ਵਿਚ ਬੈਠ ਜਾਵੋ ਵਾਹ ਵਾਹ ਕਰ ਉਠਨਗੇ, ਜੇਕਰ ਆਪ ਨੇ ਇਸ ਤੇਲ ਨੂੰ ਨਹੀਂ ਵਰਤਿਆ ਤਾਂ ਇਕ ਵੇਰ ਜ਼ਰੂਰ ਵਰਤ ਛੱਡੋ ਅਮੀਰ ਔਰਤਾਂ ਤਾਂ ਇਸ ਤੇਲ ਨੂੰ ਬੜਾ ਹੀ ਪਸੰਦ ਕਰਦੀਆਂ ਹਨ, ਕੀਮਤ ਫੀ ਸ਼ੀਸ਼ੀ ਕੇਵਲ ॥) ੧੨ ਦੇ ਖਰੀਦਾਰ ਤੋਂ ੫ ਲੀਤੇ ਜਾਂਦੇ ਹਨ ॥

ਮੰਗਾਵਣ ਦਾ ਪਤਾ ਇਹ ਹੈ

ਜੁਵਾਹਰ ਸਿੰਘ ਐਂਡ ਕੰਪਨੀ

ਬਾਜ਼ਾਰ ਮਾਈ ਸੇਵਾਂ ਅੰਮ੍ਰਿਤਸਰ